




ਅੰਦਰਲੀ ਖ਼ਬਰ
ਕਲੀਵਵਿਊ ਸੀਨੀਅਰਜ਼ ਕਲੱਬ ਵੱਲੋਂ ਖੇਡ ਮੇਲਾ ਕਰਵਾਇਆ ਗਿਆ 05

ਅੰਦਰਲੀ ਖ਼ਬਰ
ਵਿਸ਼ਵ ਪੰਜਾਬੀ ਸਭਾ ਬਰੈਂਪਟਨ ਵੱਲੋਂ ਰਛਪਾਲ ਸਹੋਤਾ ਦੇ ਨਾਵਲ 'ਆਪੇ ਦੀ ਭਾਲ' ਕੀਤਾ ਗਿਆ ਲੋਕ-ਅਰਪਿਤ ਤੇ ਇਸ 'ਤੇ ਹੋਈ ਭਰਪੂਰ ਚਰਚਾ 07






ਲੇਖ
ਚਿੱਟੀ ਸਿਉਂਕ ਖੁੱਡਾਂ ਵਿੱਚ ਵੜੀ ?





PUNJABSTAR.COM
# ਪੰਜਾਬ ਸਟਾਰ

Phone: 905-673-7666 , Fax: 1-289-206-8611 | 05 ਸਤੰਬਰ ਤੋਂ 11 ਸਤੰਬਰ, 2024 | Email :- editor@punjabstar.com, Vo. 20. Issue:1150


## ਨਾਈਜੀਰੀਆ ਦੇ ਪਿੰਡ 'ਚ ਹੋਇਆ ਹਮਲਾ

## 100 ਤੋਂ ਵੱਧ ਮੌਤਾਂ



ਮੈਦੁਗੁਰੀਸ (ਪੰਜਾਬ ਸਟਾਰ ਬਿਊਰੋ): ਬੋਕੋ ਹਰਮ ਦੇ ਸ਼ੱਕੀ ਅੱਤਵਾਦੀਆਂ ਨੇ ਉੱਤਰ-ਪੂਰਬੀ ਨਾਈਜੀਰੀਆ ਦੇ ਬਾਜ਼ਾਰਾਂ, ਪੂਜਾ ਕਰਨ ਵਾਲਿਆਂ ਅਤੇ ਲੋਕਾਂ ਦੇ ਘਰਾਂ 'ਤੇ ਗੋਲੀਬਾਰੀ ਕੀਤੀ, ਜਿਸ ਕਾਰਨ ਘੱਟੋ-ਘੱਟ 100 ਪਿੰਡ ਵਾਸੀ ਮਾਰੇ ਗਏ। ਸਥਾਨਕ ਨਿਵਾਸੀਆਂ ਨੇ ਬੁੱਧਵਾਰ ਨੂੰ ਇਹ ਦਾਅਵਾ ਕੀਤਾ ਹੈ। ਯੋਬੇ ਪੁਲਸ ਦੇ ਬੁਲਾਰੇ ਡੰਗਸ ਅਬਦੁਲਕਰੀਮ ਨੇ ਦੱਸਿਆ ਕਿ 50 ਤੋਂ ਵੱਧ ਅੱਤਵਾਦੀ ਐਤਵਾਰ ਸ਼ਾਮ ਨੂੰ ਮੋਟਰਸਾਈਕਲਾਂ 'ਤੇ ਯੋਬੇ ਰਾਜ ਦੇ ਤਰਮੂਵਾ ਕੌਂਸਲ ਖੇਤਰ 'ਚ ਦਾਖਲ ਹੋਏ ਬਾਕੀ ਸਫਾ 2 'ਤੇ

## ਯੂਕਰੇਨ 'ਤੇ ਰੂਸੀ ਹਮਲੇ 'ਚ 51 ਦੀ ਮੌਤ, 200 ਤੋਂ ਵੱਧ ਜ਼ਖਮੀ

ਪੰਜਾਬ ਸਟਾਰ ਬਿਊਰੋ

ਕੀਵ - ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਨਸਕੀ ਨੇ ਕਿਹਾ ਕਿ ਮੱਧ ਯੂਕਰੇਨ ਦੇ ਪੋਲਟਾਵਾ ਸ਼ਹਿਰ 'ਤੇ ਮੰਗਲਵਾਰ ਨੂੰ ਰੂਸੀ ਮਿਜ਼ਾਈਲ ਹਮਲੇ 'ਚ ਘੱਟੋ-ਘੱਟ 51 ਲੋਕਾਂ ਦੀ ਮੌਤ ਹੋ ਗਈ ਅਤੇ 271 ਹੋਰ ਜ਼ਖਮੀ ਹੋ ਗਏ। ਜ਼ੇਲੇਨਸਕੀ ਨੇ ਟੈਲੀਗ੍ਰਾਮ 'ਤੇ ਇਕ ਬਿਆਨ ਵਿਚ ਕਿਹਾ ਕਿ ਕੁਝ ਲੋਕ ਅਜੇ ਵੀ ਤਬਾਹ ਹੋਈ ਇਮਾਰਤ ਦੇ ਮਲਬੇ ਹੇਠ ਫਸੇ ਹੋਏ ਹਨ ਅਤੇ ਸਥਾਨ 'ਤੇ ਬਚਾਅ ਕਾਰਜ ਜਾਰੀ ਹਨ।

ਯੂਕਰੇਨ ਦੇ ਪ੍ਰੌਸੀਕਿਊਟਰ ਜਨਰਲ ਦੇ ਦਫ਼ਤਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਇੱਕ ਸ਼ੁਰੂਆਤੀ ਜਾਂਚ ਦੇ ਅਨੁਸਾਰ, ਦੋ ਰੂਸੀ ਬੈਲਿਸਟਿਕ ਮਿਜ਼ਾਈਲਾਂ ਨੇ ਪੋਲਟਾਵਾ ਵਿੱਚ ਇੱਕ ਵਿਦਿਅਕ ਸੰਸਥਾ ਅਤੇ ਇੱਕ ਹਸਪਤਾਲ 'ਤੇ ਹਮਲਾ ਕੀਤਾ।



## ਕਿਮ ਜੋਂਗ ਦਾ ਫੁੱਟਿਆ ਗੁੱਸਾ

## 30 ਅਧਿਕਾਰੀਆਂ ਨੂੰ ਦਿੱਤੀ ਫਾਂਸੀ



ਪੰਜਾਬ ਸਟਾਰ ਬਿਊਰੋ

ਪਿਓਂਗਯਾਂਗ: ਉੱਤਰੀ ਕੋਰੀਆ ਦੇ ਸੁਪਰੀਮ ਲੀਡਰ ਕਿਮ ਜੋਂਗ ਉਨ ਦਾ ਦੇਸ਼ ਹਾਲ ਹੀ ਵਿੱਚ ਭਿਆਨਕ ਹੜ੍ਹ ਨਾਲ ਜੂਝ ਰਿਹਾ ਹੈ। ਇਸ ਹੜ੍ਹ ਨੂੰ ਰੋਕਣ 'ਚ ਨਾਕਾਮ ਰਹਿਣ 'ਤੇ ਕਿਮ ਜੋਂਗ ਨੇ 30 ਉੱਚ ਅਧਿਕਾਰੀਆਂ ਨੂੰ ਫਾਂਸੀ ਦੇ ਦਿੱਤੀ ਹੈ। ਵਿਨਾਸ਼ਕਾਰੀ ਹੜ੍ਹ ਨੇ ਚਾਗਾਂਗ ਸੂਬੇ ਦੇ ਕੁਝ ਹਿੱਸਿਆਂ ਨੂੰ ਤਬਾਹ ਕਰ ਦਿੱਤਾ, ਜਿਸ ਨਾਲ 4,000 ਤੋਂ ਵੱਧ ਉੱਤਰੀ ਕੋਰੀਆਈ ਮਾਰੇ ਗਏ। ਦੱਖਣੀ ਕੋਰੀਆ ਦੇ ਨਿਊਜ਼ ਆਉਟਲੈਟ ਚੋਸੁਨ ਟੀਵੀ ਅਨੁਸਾਰ ਉੱਤਰੀ ਕੋਰੀਆ ਦੇ ਅਧਿਕਾਰੀਆਂ ਨੇ ਕਿਹਾ, "ਜਿਨ੍ਹਾਂ ਲੋਕਾਂ ਨੇ ਅਸਵੀਕਾਰਨਯੋਗ ਜਾਨੀ ਨੁਕਸਾਨ ਵਧਾਇਆ ਹੈ, ਉਨ੍ਹਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ।"

ਰਿਪੋਰਟਾਂ ਅਨੁਸਾਰ, ਹੜ੍ਹ ਪ੍ਰਭਾਵਿਤ ਖੇਤਰ ਵਿੱਚ ਪਿਛਲੇ ਮਹੀਨੇ ਦੇ ਅਖੀਰ ਵਿੱਚ ਇੱਕੋ ਸਮੇਂ 20-30 ਪ੍ਰਮੁੱਖ ਪਾਰਟੀ ਹਸਤੀਆਂ ਨੂੰ ਮਾਰ ਦਿੱਤਾ ਗਿਆ। ਇਸ ਤੋਂ ਇਲਾਵਾ ਚਾਂਗਾਂਗ ਸੂਬੇ ਦੇ ਬਰਖ਼ਾਸਤ ਪਾਰਟੀ ਸਕੱਤਰ ਕਾਂਗ ਬੋਂਗ-ਹੂਨ ਵੀ ਇਸ ਸਥਿਤੀ ਵਿਚ ਫਸ ਗਏ ਹਨ। ਉੱਤਰੀ ਕੋਰੀਆ ਦੀ ਕੇਂਦਰੀ ਸਮਾਚਾਰ ਏਜੰਸੀ ਬਾਕੀ ਸਫਾ 2 'ਤੇ

## ਕੈਨੇਡਾ ਤੋਂ ਸਭ ਤੋਂ ਵੱਧ ਭਾਰਤੀ ਲਗਾ ਰਹੇ ਅਮਰੀਕਾ ਦੀ ਡੌਂਕੀ !

(ਪੰਜਾਬ ਸਟਾਰ ਬਿਊਰੋ)




ਕੈਨੇਡਾ ਤੋਂ ਸਭ ਤੋਂ ਵੱਧ ਭਾਰਤੀ ਲੋਕ ਹਨ ਜੋ ਡੌਂਕੀ ਲਗਾ ਕੇ ਅਮਰੀਕਾ ਪਹੁੰਚ ਰਹੇ ਹਨ। ਇਹ ਸੰਖਿਆ ਆਪਣੇ ਉੱਚੇ ਪੱਧਰ 'ਤੇ ਪਹੁੰਚ ਗਈ ਹੈ। ਇਸ ਕਾਰਨ ਕੈਨੇਡਾ ਦੀ ਵੀਜ਼ਾ ਜਾਂਚ ਪ੍ਰਕਿਰਿਆ ਹੁਣ ਸਵਾਲਾਂ ਦੇ ਘੇਰੇ 'ਚ ਆ ਗਈ ਹੈ। ਯੂ.ਐਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ) ਦੇ ਤਾਜ਼ਾ ਅੰਕੜਿਆਂ ਅਨੁਸਾਰ, ਇਸ ਸਾਲ ਜੂਨ ਵਿੱਚ, 5,152 ਭਾਰਤੀ ਬਿਨਾਂ ਦਸਤਾਵੇਜ਼ਾਂ ਦੇ ਕੈਨੇਡਾ ਤੋਂ ਪੈਦਲ ਅਮਰੀਕਾ ਵਿੱਚ ਦਾਖਲ ਹੋਏ। ਮੀਡੀਆ ਰਿਪੋਰਟਸ ਮੁਤਾਬਿਕ ਦਸੰਬਰ 2023 ਤੋਂ ਹਰ ਮਹੀਨੇ ਕੈਨੇਡਾ ਤੋਂ ਅਮਰੀਕਾ ਵਿੱਚ ਦਾਖਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ ਮੈਕਸੀਕੋ ਸਰਹੱਦ ਦੁਆਰਾ ਬਾਕੀ ਸਫਾ 2 'ਤੇ

## ਕਾਂਗੋ: ਜੇਲ੍ਹ ਤੋੜ ਕੇ ਭੱਜਣ ਦੀ ਕੋਸ਼ਿਸ਼ ਕਰਦੇ 129 ਕੈਦੀਆਂ ਦੀ ਮੌਤ



ਕਿੰਸ਼ਾਸਾ (ਕਾਂਗੋ) (ਪੰਜਾਬ ਸਟਾਰ ਬਿਊਰੋ) : ਕਾਂਗੋ ਦੀ ਰਾਜਧਾਨੀ ਵਿੱਚ ਮੁੱਖ ਜੇਲ੍ਹ ਤੋੜ ਕੇ ਭੱਜਣ ਦੀ ਕੋਸ਼ਿਸ਼ ਦੌਰਾਨ 129 ਕੈਦੀਆਂ ਦੀ ਮੌਤ ਹੋ ਗਈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਕੈਦੀਆਂ ਦੀ ਜਾਨ ਭਗਦੜ ਕਾਰਨ ਗਈ ਹੈ। ਕਾਂਗੋ ਦੇ ਗ੍ਰਹਿ ਮੰਤਰੀ ਜੈਕਮਿਨ ਸ਼ਬਾਨੀ ਨੇ ਸੋਸ਼ਲ ਮੀਡੀਆ 'ਐਕਸ' 'ਤੇ ਕਿਹਾ ਕਿ ਸ਼ੁਰੂਆਤੀ ਅੰਦਾਜ਼ਿਆਂ ਮੁਤਾਬਕ ਸਵੇਰੇ ਕਿੰਸ਼ਾਸਾ ਵਿੱਚ ਸਮਰਥਾ ਤੋਂ ਵੱਧ ਕੈਦੀਆਂ ਵਾਲੀ ਮਕਾਲਾ ਜੇਲ੍ਹ ਵਿੱਚੋਂ ਭੱਜਣ ਦੀ ਕੋਸ਼ਿਸ਼ ਕਰ ਰਹੇ ਕੈਦੀਆਂ ਨੂੰ ਚਿਤਾਵਨੀ ਦੇਣ ਲਈ ਸੁਰੱਖਿਆ ਬਲਾਂ ਵੱਲੋਂ ਚਲਾਈਆਂ ਗੋਲੀਆਂ ਦੌਰਾਨ 24 ਕੈਦੀਆਂ ਦੀ ਮੌਤ ਹੋਈ ਹੈ।

ਮਨੁੱਖੀ ਅਧਿਕਾਰ ਸੰਸਥਾ ਐਮਨੇਸਟੀ ਇੰਟਰਨੈਸ਼ਨਲ ਨੇ ਆਪਣੀ ਤਾਜ਼ਾ ਰਿਪੋਰਟ ਵਿੱਚ ਕਿਹਾ ਹੈ ਕਿ ਮਕਾਲਾ ਜੇਲ੍ਹ ਕਾਂਗੋ ਦੀ ਮੁੱਖ ਜੇਲ੍ਹ ਹੈ। ਇਸ ਵਿੱਚ 1,500 ਕੈਦੀਆਂ ਨੂੰ ਰੱਖਣ ਦੀ ਸਮਰੱਥਾ ਹੈ ਪਰ ਇਸ ਵਿੱਚ ਬਾਕੀ ਸਫਾ 2 'ਤੇ

## ਟੈਕਸਾਸ 'ਚ ਭਿਆਨਕ ਸੜਕ ਹਾਦਸੇ 'ਚ 4 ਭਾਰਤੀ ਜ਼ਿੰਦਾ ਸੜੇ

ਟੈਕਸਾਸ: (ਪੰਜਾਬ ਸਟਾਰ ਬਿਊਰੋ)

ਅਮਰੀਕਾ ਦੇ ਟੈਕਸਾਸ ਸੂਬੇ 'ਚ ਪਿਛਲੇ ਹਫਤੇ ਇਕ ਭਿਆਨਕ ਸੜਕ ਹਾਦਸੇ 'ਚ 4 ਭਾਰਤੀ ਨਾਗਰਿਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਆਰੀਅਨ ਰਘੂਨਾਥ, ਓਰਾਮਪੱਟੀ, ਉਸ ਦੇ ਦੋਸਤ ਫਾਰੂਕ ਸ਼ੇਖ, ਹੈਦਰਾਬਾਦ ਦੇ ਕੁਕਟਪੱਲੀ ਉਪਨਗਰ ਦੇ ਇਕ ਹੋਰ ਤੇਲਗੂ ਵਿਦਿਆਰਥੀ ਲੋਕੇਸ਼ ਪਲਾਚਾਰਲਾ ਅਤੇ ਤਾਮਿਲਨਾਡੂ ਦੇ ਦਰਸ਼ੀਨੀ ਵਾਸੂਦੇਵ ਵਜੋਂ ਹੋਈ ਹੈ।

ਕੋਲਿਨ ਕਾਊਂਟੀ ਸ਼ੈਰਿਫ ਦੇ ਦਫਤਰ ਮੁਤਾਬਕ ਇਹ ਹਾਦਸਾ ਡੱਲਾਸ ਨੇੜੇ ਅੰਨਾ ਦੀ ਵ੍ਹਾਈਟ ਸਟ੍ਰੀਟ 'ਤੇ ਯੂ.ਐੱਸ.-75 ਤੋਂ ਥੋੜ੍ਹੀ ਦੂਰੀ 'ਤੇ ਹੋਇਆ। ਹਿਊਸਟਨ 'ਚ ਭਾਰਤ ਦੇ ਕੌਂਸਲ ਜਨਰਲ ਡੀ.ਸੀ. ਮੰਜੂਨਾਥ ਨੇ ਹਾਦਸੇ 'ਚ ਚਾਰ ਭਾਰਤੀਆਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਭਾਰਤੀ ਕੌਂਸਲੇਟ ਜਨਰਲ ਦੁੱਖ ਦੀ ਇਸ ਘੜੀ 'ਚ ਪੀੜਤ ਪਰਿਵਾਰਾਂ ਬਾਕੀ ਸਫਾ 2 'ਤੇ



## ਕੈਨੇਡਾ ਨੇ ਹਵਾਈ ਅੱਡਿਆਂ ਤੋਂ ਮੋੜੇ ਸੈਂਕੜੇ ਪੰਜਾਬੀ




ਟੋਰਾਂਟੋ (ਪੰਜਾਬ ਸਟਾਰ ਬਿਊਰੋ): ਕੈਨੇਡੀਅਨ ਵੀਜ਼ਾ ਹੋਣ ਦੇ ਬਾਵਜੂਦ ਸੈਂਕੜੇ ਪੰਜਾਬੀਆਂ ਨੂੰ ਹਵਾਈ ਅੱਡੇ ਤੋਂ ਬੇਰੰਗ ਚਿੱਠੀ ਵਾਂਗ ਵਾਪਸ ਮੋੜਿਆ ਜਾ ਰਿਹਾ ਹੈ। ਜੀ ਹਾਂ, ਇਕੱਲੇ ਜੁਲਾਈ ਮਹੀਨੇ ਦੌਰਾਨ ਕੈਨੇਡਾ ਸਰਕਾਰ ਨੇ 5,853 ਵਿਦੇਸ਼ੀ ਨਾਗਰਿਕਾਂ ਨੂੰ ਹਵਾਈ ਅੱਡੇ ਤੋਂ ਮੋੜਿਆ ਜਿਨ੍ਹਾਂ ਵਿਚ ਵਿਦਿਆਰਥੀ, ਟੂਰਿਸਟ ਅਤੇ ਵਰਕ ਪਰਮਿਟ ਵਾਲੇ ਸ਼ਾਮਲ ਸਨ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਅੰਕੜਿਆਂ ਮੁਤਾਬਕ ਮੌਜੂਦ ਵਰ੍ਹੇ ਦੇ ਪਹਿਲੇ ਸੱਤ ਬਾਕੀ ਸਫਾ 2 'ਤੇ

## ਸ਼ਿਕਾਗੋ ਦੀ 'ਬਲੂ ਲਾਈਨ ਟਰੇਨ' 'ਚ 4 ਲੋਕਾਂ ਦੀ ਗੋਲੀ ਮਾਰ ਕੇ ਹੱਤਿਆ, ਹਮਲਾਵਰ ਗ੍ਰਿਫ਼ਤਾਰ



ਸ਼ਿਕਾਗੋ : (ਪੰਜਾਬ ਸਟਾਰ ਬਿਊਰੋ)

ਸ਼ਿਕਾਗੋ ਵਿਚ ਬਲੂ ਲਾਈਨ ਰੇਲ ਗੱਡੀ ਵਿਚ ਚਾਰ ਲੋਕਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿਤੀ ਗਈ। ਅਧਿਕਾਰੀਆਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਇਹ ਗੋਲੀਬਾਰੀ ਸੋਮਵਾਰ ਸਵੇਰੇ ਕਰੀਬ 5:30 ਵਜੇ ਸ਼ਿਕਾਗੋ ਦੇ ਫਾਰੈਸਟ ਪਾਰਕ ਨੇੜੇ ਬਲੂ ਲਾਈਨ ਰੇਲ ਗੱਡੀ 'ਚ ਹੋਈ। ਫਾਰੈਸਟ ਪਾਰਕ ਸ਼ਿਕਾਗੋ ਦੇ ਡਾਊਨਟਾਊਨ ਤੋਂ ਲਗਭਗ 16 ਕਿਲੋਮੀਟਰ ਪੱਛਮ 'ਚ ਸਥਿਤ ਇਕ ਉਪਨਗਰ ਹੈ। ਪੁਲਿਸ ਨੇ ਦਸਿਆ ਕਿ ਇਸ ਬਾਕੀ ਸਫਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ


www.MakeMeDebtFree.ca
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131

Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7

A-One Truck & Trailer Repair
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
647-808-9569,
416-388-1605
ਵਾਜ਼ਬ ਕੀਮਤ
ਵਧੀਆ ਸਰਵਿਸ
1246 Aimco Blvd, Mississauga, ON L4W 1B2

Gill Tire Centre
ਟਰੱਕਾਂ ਦੇ ਟਾਇਰ ਵਾਜ਼ਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605


Harjit Brar
Sales Representative
416-417-6010
FOR ALL YOUR REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090

Vik Mehmi
Broker
416-500-6262

# ਫਿਰੋਜ਼ਪੁਰ ਵਿਖੇ ਦਿਨ ਦਿਹਾੜੇ ਹੋਈ ਫਾਇਰਿੰਗ

## ਇਕੋ ਪਰਿਵਾਰ ਦੇ 3 ਲੋਕਾਂ ਦੀ ਮੌਤ



ਫ਼ਿਰੋਜ਼ਪੁਰ (ਪੰਜਾਬ ਸਟਾਰ ਬਿਊਰੋ): ਫ਼ਿਰੋਜ਼ਪੁਰ ਸ਼ਹਿਰ ਦੇ ਅਕਾਲਗੜ੍ਹ ਗੁਰਦੁਆਰਾ ਸਾਹਿਬ ਨੇੜੇ ਮੰਗਲਵਾਰ ਦੁਪਹਿਰ ਬਾਈਕ ਸਵਾਰ ਹਮਲਾਵਰਾਂ ਨੇ ਕਾਰ ਸਵਾਰ ਤਿੰਨ ਵਿਅਕਤੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਮ੍ਰਿਤਕਾਂ ਦੀ ਪਛਾਣ ਦਿਲਪ੍ਰੀਤ ਸਿੰਘ, ਜਸਪ੍ਰੀਤ ਕੌਰ ਤੇ ਅਕਾਸ਼ਦੀਪ ਸਿੰਘ ਵਾਸੀ ਕੰਬੋਜ ਨਗਰ ਫ਼ਿਰੋਜ਼ਪੁਰ ਸ਼ਹਿਰ ਵਜੋਂ ਹੋਈ ਹੈ, ਜਦਕਿ ਲੜਕੀ ਦੀ ਗੋਲੀ ਲੱਗਣ ਨਾਲ ਜ਼ਖ਼ਮੀ ਹੋਏ ਵਿਅਕਤੀ ਦਾ ਨਾਮ ਅਨਮੋਲ ਸਿੰਘ ਹੈ।

ਘਟਨਾ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ, ਹਾਲਾਂਕਿ ਮ੍ਰਿਤਕ ਲੜਕੀ ਜਸਪ੍ਰੀਤ ਕੌਰ ਦਾ ਇੱਕ ਮਹੀਨੇ ਬਾਅਦ ਵਿਆਹ ਹੋਣਾ ਸੀ। ਪਰਿਵਾਰ ਉਕਤ ਵਿਆਹ ਦੀ ਖਰੀਦਦਾਰੀ ਲਈ ਬਾਹਰ ਗਿਆ ਹੋਇਆ ਸੀ। ਗੋਲੀ ਲੱਗਣ ਕਾਰਨ ਲੜਕੀ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਪਿਓ-ਪੁੱਤ ਦੀ ਹਸਪਤਾਲ 'ਚ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਣ 'ਤੇ ਵੱਡੀ ਗਿਣਤੀ 'ਚ ਪੁਲਿਸ ਫੋਰਸ ਮੌਕੇ 'ਤੇ ਪਹੁੰਚ ਗਈ ਅਤੇ ਨਾਕਾਬੰਦੀ ਕਰ ਕੇ ਹਮਲਾਵਰਾਂ ਦੀ ਪਛਾਣ ਕੀਤੀ ਜਾ ਰਹੀ ਹੈ। ਪੁਲਿਸ ਵੱਲੋਂ ਹਮਲਾਵਰਾਂ ਦੀ ਪਛਾਣ ਕਰਨ ਲਈ ਰਸਤੇ ਵਿੱਚ ਲੱਗੇ ਸੀਸੀਟੀਵੀ ਫੁਟੇਜ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

ਕਾਰ 'ਤੇ ਕਰੀਬ 50 ਰਾਊਂਡ ਫਾਇਰ ਕੀਤੇ ਗਏ, ਜਿਸ ਕਾਰਨ ਕਾਰ ਸਵਾਰ ਜਸਪ੍ਰੀਤ ਕੌਰ ਨਾਂ ਦੀ ਲੜਕੀ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂਕਿ ਦੋ ਜ਼ਖਮੀਆਂ ਨੇ ਹਸਪਤਾਲ 'ਚ ਦਮ ਤੋੜ ਦਿੱਤਾ। ਮੌਕੇ 'ਤੇ ਮੌਜੂਦ ਚਸ਼ਮਦੀਦਾਂ ਮੁਤਾਬਕ ਹਮਲਾਵਰ ਦੋ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਆਏ ਸਨ ਤੇ ਕੁੱਲ 6 ਲੋਕ ਸਨ।

# ਕੈਨੇਡਾ 'ਚ ਭਾਰਤੀ ਵਿਦਿਆਰਥੀਆਂ ਨੂੰ ਝਟਕਾ !

## ਹਫ਼ਤੇ 'ਚ ਸਿਰਫ਼ 24 ਘੰਟੇ ਕੰਮ ਕਰਨ ਦੇ ਯੋਗ



ਟੋਰਾਂਟੋ : ਕੈਨੇਡਾ ਸਰਕਾਰ ਨੇ ਭਾਰਤ ਸਮੇਤ ਹੋਰ ਦੇਸ਼ਾਂ ਤੋਂ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਨਵੇਂ ਨਿਯਮ ਬਣਾਏ ਹਨ। ਇਸ ਨਿਯਮ ਦੇ ਤਹਿਤ, ਅੰਤਰਰਾਸ਼ਟਰੀ ਵਿਦਿਆਰਥੀ ਹੁਣ ਹਫ਼ਤੇ ਵਿੱਚ ਸਿਰਫ 24 ਘੰਟੇ ਕੈਂਪਸ ਤੋਂ ਬਾਹਰ ਕੰਮ ਕਰ ਸਕਣਗੇ। ਇਹ ਨਿਯਮ ਸਤੰਬਰ ਤੋਂ ਲਾਗੂ ਹੋ ਗਿਆ ਹੈ, ਜਿਸ ਕਾਰਨ ਭਾਰਤੀ ਵਿਦਿਆਰਥੀਆਂ ਨੂੰ ਟੋਰਾਂਟੋ ਵਰਗੇ ਮਹਿੰਗੇ ਸ਼ਹਿਰਾਂ 'ਚ ਰਹਿਣ-ਸਹਿਣ ਦਾ ਖਰਚਾ ਚੁੱਕਣਾ ਬਹੁਤ ਹੀ ਮੁਸ਼ਕਲ ਹੋ ਜਾਵੇਗਾ। ਪਹਿਲਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ 20 ਘੰਟਿਆਂ ਤੋਂ ਵੱਧ ਸਮੇਂ ਲਈ ਕੈਂਪਸ ਤੋਂ ਬਾਹਰ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਸੀ। ਹੁਣ ਕੈਨੇਡਾ ਸਰਕਾਰ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਹਫ਼ਤੇ ਵਿਚ 20 ਘੰਟੇ ਤੋਂ ਵੱਧ ਸਮੇਂ ਲਈ ਕੈਂਪਸ ਤੋਂ ਬਾਹਰ ਕੰਮ ਕਰਨ ਦੀ ਇਜਾਜ਼ਤ ਦੇਣ ਵਾਲੀ ਅਸਥਾਈ ਨੀਤੀ ਦੀ ਮਿਆਦ 30 ਅਪ੍ਰੈਲ ਨੂੰ ਖਤਮ ਹੋ ਗਈ ਹੈ। ਹਾਲਾਂਕਿ, ਇਸ ਨੂੰ ਅੱਗੇ ਨਹੀਂ ਵਧਾਇਆ ਜਾਵੇਗਾ।" ਉਨ੍ਹਾਂ ਅੱਗੇ ਕਿਹਾ, "ਸਾਡਾ ਉਦੇਸ਼ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਪ੍ਰਤੀ ਹਫ਼ਤੇ ਕੰਮ ਦੇ ਘੰਟੇ ਘਟਾਉਣਾ ਹੈ, ਤਾਂ ਜੋ ਉਹ ਆਪਣੀ ਪੜ੍ਹਾਈ 'ਤੇ ਵੀ ਧਿਆਨ ਦੇ ਸਕਣ, ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡਾ ਵਿੱਚ ਹਫ਼ਤੇ ਵਿੱਚ ਸਿਰਫ਼ 24 ਘੰਟੇ ਕੰਮ ਕਰ ਸਕਦੇ ਹਨ। ਕੋਵਿਡ-19 ਦੀ ਮਹਾਮਾਰੀ ਦੇ ਦੌਰਾਨ 20 ਘੰਟੇ ਦੀ ਸੀਮਾ ਹਟਾਈ ਗਈ ਸੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਦੀ ਸਰਕਾਰ ਨੇ ਦੇਸ਼ ਦੀ ਕੋਵਿਡ-19 ਮਹਾਮਾਰੀ ਦੇ ਦੌਰਾਨ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਕੰਮ ਦੇ ਘੰਟਿਆਂ ਦੀ 20 ਘੰਟਿਆਂ ਦੀ ਸੀਮਾ ਨੂੰ ਹਟਾ ਦਿੱਤਾ ਹੈ। ਕੈਨੇਡਾ ਭਾਰਤੀ ਵਿਦਿਆਰਥੀਆਂ ਲਈ ਸਭ ਤੋਂ ਪਸੰਦੀਦਾ ਸਥਾਨਾਂ ਵਿੱਚੋਂ ਇੱਕ ਹੈ। ਕੈਨੇਡੀਅਨ ਬਿਊਰੋ ਫਾਰ ਇੰਟਰਨੈਸ਼ਨਲ ਐਜੂਕੇਸ਼ਨ ਦੀ 2022 ਦੀ ਰਿਪੋਰਟ ਅਨੁਸਾਰ, ਕੈਨੇਡਾ ਵਿੱਚ 3,19,130 ਭਾਰਤੀ ਵਿਦਿਆਰਥੀ ਸਨ। ਇੱਥੋਂ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਭਾਰਤੀ ਵਿਦਿਆਰਥੀ ਸਭ ਤੋਂ ਵੱਧ ਹਨ। ਮਿਲਰ ਨੇ ਕਿਹਾ, "ਇੱਥੇ ਆਉਣ ਵਾਲੇ ਕਿਸੇ ਵੀ ਵਿਦਿਆਰਥੀ ਨੂੰ ਪੜ੍ਹਾਈ ਕਰਨ ਲਈ ਆਉਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਹਫ਼ਤੇ ਵਿੱਚ 24 ਘੰਟੇ ਕੰਮ ਕਰਨ ਦੀ ਇਜਾਜ਼ਤ ਦੇਣ ਦਾ ਮਤਲਬ ਹੈ ਕਿ ਉਹ ਆਪਣੀ ਪੜ੍ਹਾਈ 'ਤੇ ਧਿਆਨ ਨਹੀ ਦੇ ਸਕਦੇ ਹਨ। ਕੈਂਪਸ ਤੋਂ ਬਾਹਰ ਕੰਮ ਕਰਨ ਨਾਲ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕੰਮ ਦਾ ਤਜਰਬਾ ਹਾਸਲ ਕਰਨ ਅਤੇ ਆਪਣੇ ਲਈ ਭੁਗਤਾਨ ਕਰਨ ਵਿੱਚ ਮਦਦ ਮਿਲਦੀ ਹੈ। ਭਾਰਤੀ ਵਿਦਿਆਰਥੀਆਂ ਨੂੰ ਟੋਰਾਂਟੋ ਵਰਗੇ ਮਹਿੰਗੇ ਸ਼ਹਿਰਾਂ ਵਿੱਚ ਰਹਿਣ-ਸਹਿਣ ਦੇ ਖਰਚਿਆਂ ਨੂੰ ਬਰਦਾਸ਼ਤ ਕਰਨਾ ਹੁਣ ਬਹੁਤ ਮੁਸ਼ਕਲ ਹੋਵੇਗਾ ਕਿਉਂਕਿ ਕੈਨੇਡਾ ਸਿਰਫ਼ 24 ਘੰਟੇ ਕੰਮ ਕਰਨ ਵਾਲੇ ਹਫ਼ਤੇ ਦੇ ਨਿਯਮ ਨੂੰ ਲਾਗੂ ਕਰਦਾ ਹੈ। ਆਸਟ੍ਰੇਲੀਆ ਅਤੇ ਸੰਯੁਕਤ ਰਾਜ ਨੇ ਕੰਮ ਦੇ ਘੰਟਿਆਂ 'ਤੇ ਵੀ ਸੀਮਾਵਾਂ ਨਿਰਧਾਰਤ ਕੀਤੀਆਂ ਹਨ। ਕਿ ਜਿਹੜੇ ਵਿਦਿਆਰਥੀ ਪ੍ਰਤੀ ਹਫ਼ਤੇ 28 ਘੰਟੇ ਤੋਂ ਵੱਧ ਕੰਮ ਕਰਦੇ ਹਨ, ਉਹ ਸਿੱਖਣ ਵਿੱਚ ਅਸਮਰਥਤਾ ਦਾ ਸ਼ਿਕਾਰ ਹੁੰਦੇ ਹਨ। ਬਹੁਤੇ ਦੇਸ਼ ਅੰਤਰਰਾਸ਼ਟਰੀ ਵਿਦਿਆਰਥੀ ਆਪਣੀ ਪੜ੍ਹਾਈ ਦੌਰਾਨ ਕੰਮ ਕਰਨ ਦੇ ਘੰਟਿਆਂ ਦੀ ਗਿਣਤੀ ਨੂੰ ਸੀਮਤ ਕਰਦੇ ਹਨ। ਆਸਟ੍ਰੇਲੀਆ ਨੇ ਵੀ ਹਾਲ ਹੀ ਵਿੱਚ ਆਪਣੀ ਨੀਤੀ ਵਿੱਚ ਬਦਲਾਅ ਕੀਤਾ ਹੈ। ਇੱਥੇ ਹਰ ਵਿਦਿਆਰਥੀ ਨੂੰ ਦੋ ਹਫ਼ਤਿਆਂ ਵਿੱਚ 48 ਘੰਟੇ ਕੰਮ ਕਰਨ ਦੀ ਇਜਾਜ਼ਤ ਹੈ। ਅਮਰੀਕਾ ਵਿੱਚ ਵੀ, ਵਿਦਿਆਰਥੀਆਂ ਨੂੰ ਕੈਂਪਸ ਤੋਂ ਬਾਹਰ ਕੰਮ ਕਰਨ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਵਾਧੂ ਮਾਪਦੰਡ ਪੂਰੇ ਕਰਨੇ ਪੈਂਦੇ ਹਨ।

# ਮਾਊਂਟੇਨ ਐਸ਼ ਸੀਨੀਅਰਜ਼ ਕਲੱਬ ਵੱਲੋਂ ਕੈਨੇਡਾ ਡੇਅ ਮਨਾਇਆ ਗਿਆ



ਸਟਾਰ ਨਿਊਜ਼:-ਮਾਊਂਟੇਨ ਐਸ਼ ਸੀਨੀਅਰਜ਼ ਕਲੱਬ ਵੱਲੋਂ 17 ਅਗਸਤ ਨੂੰ ਮਾਊਂਟੇਨ ਐਸ਼ ਰੋਡ ਸਥਿਤ ਗਰੇਵੇਲ ਪਾਰਕ ਵਿਖੇ ਕੈਨੇਡਾ ਡੇਅ ਅਤੇ ਬਹੁ-ਸੱਭਿਆਚਾਰਕ ਪ੍ਰੋਗਰਾਮ ਮਨਾਇਆ ਗਿਆ। ਇਸ ਸਮਾਗਮ ਵਿੱਚ ਮੰਤਰੀ ਕਮਲ ਖੇੜਾ, ਮੇਅਰ ਪੈਟਰਿਕ ਬਰਾਊਨ, ਐਮਪੀਜ਼ ਮਨਿੰਦਰ ਸਿੱਧੂ, ਸੋਨੀਆ ਸਿੱਧੂ, ਰੂਬੀ ਸਹੋਤਾ, ਸ਼ਫਕਤ ਅਲੀ, ਐਮਪੀਪੀ ਹਰਦੀਪ ਗਰੇਵਾਲ, ਸਕੂਲ ਟਰੱਸਟੀ ਸਤਪਾਲ ਜੌਹਲ, ਸਹਿਮਬੀ ਸਾਹਿਬ, ਰਜਨੀ ਸ਼ਰਮਾ ਅਤੇ ਹੋਰ ਕਈ ਕਲੱਬਾਂ ਦੇ ਪ੍ਰਧਾਨਾਂ ਨੇ ਸ਼ਿਰਕਤ ਕੀਤੀ। ਗਾਇਕਾ ਰੂਬੀ ਕੌਰ ਨੇ ਖ਼ੂਬਸੂਰਤ ਪੰਜਾਬੀ ਗੀਤ ਅਤੇ ਬੋਲੀਆਂ ਗਾਈਆਂ। ਬਹੁਤ ਸਾਰੇ ਲੋਕ ਆਏ ਅਤੇ ਇਸ ਸਮਾਗਮ ਦਾ ਆਨੰਦ ਮਾਣਿਆ। ਹਰ ਉਮਰ ਵਰਗ ਦੇ ਲੜਕੇ ਅਤੇ ਲੜਕੀਆਂ, ਮਰਦ ਅਤੇ ਔਰਤਾਂ ਲਈ ਖੇਡਾਂ ਕਰਵਾਈਆਂ ਗਈਆਂ ਅਤੇ ਜੇਤੂਆਂ ਨੂੰ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਲਈ ਖਾਣ-ਪੀਣ ਦੀਆਂ ਚੀਜ਼ਾਂ, ਕੋਲਡ ਡਰਿੰਕਸ ਅਤੇ ਚਾਹ ਦਾ ਕਾਫ਼ੀ ਪ੍ਰਬੰਧ ਸੀ। ਪ੍ਰਧਾਨ ਚਰਨਜੀਤ ਸਿੰਘ ਵਿੱਲੋਂ ਨੇ ਸਮੂਹ ਮਹਿਮਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।

# ਕੈਨੇਡਾ 'ਚ ਪੰਜਾਬਣ ਦੀ ਦਿਲ ਦਾ ਦੌਰਾ ਪੈਣ ਕਾਰਨ ਹੋਈ ਮੌਤ



ਬਰੈਂਪਟਨ (ਬਲਜਿੰਦਰ ਸੇਖਾ): ਪੰਜਾਬ ਤੋਂ ਕਈ ਨੌਜਵਾਨ ਆਪਣੇ ਪਰਿਵਾਰ ਦੇ ਚੰਗੇ ਭਵਿੱਖ ਨੂੰ ਦੇਖਦੇ ਹੋਏ ਵਿਦੇਸ਼ਾਂ ਦੀ ਉਡਾਨ ਭਰਦੇ ਹਨ। ਉੱਥੇ ਜਾ ਕੇ ਪਹਿਲਾਂ ਪੜ੍ਹਾਈ ਕਰਦੇ ਹਨ ਅਤੇ ਪੜ੍ਹਾਈ ਤੋਂ ਬਾਅਦ ਉਹਨਾਂ ਨੂੰ ਰੁਜ਼ਗਾਰ ਵੀ ਮਿਲ ਜਾਂਦਾ ਪਰ ਕਈ ਵਾਰ ਵਿਦੇਸ਼ਾਂ 'ਚ ਨੌਜਵਾਨਾਂ ਨਾਲ ਅਜਿਹਾ ਭਾਣਾ ਵਾਪਰ ਜਾਂਦਾ ਹੈ, ਜਿਸ ਦੀ ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਹੁੰਦੀ। ਅਜਿਹੀ ਹੀ ਇੱਕ ਮੰਦਭਾਗੀ ਖਬਰ ਕੈਨੇਡਾ 'ਚ ਸਾਹਮਣੇ ਆਈ ਹੈ, ਜਿੱਥੇ ਪੰਜਾਬਣ ਦੁ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਹੈ। ਮ੍ਰਿਤਕਾ ਦੀ ਪਛਾਣ ਜ਼ਿਲ੍ਹਾ ਭਦੌੜ ਦੀ ਗੁਰਮੀਤ ਕੌਰ ਵਜੋਂ ਹੋਈ ਹੈ। ਇਸ ਸਬੰਧੀ ਮ੍ਰਿਤਕਾ ਦੇ ਪਿਤਾ ਪਰਮਜੀਤ ਸਿੰਘ ਨੇ ਦੱਸਿਆ ਕਿ ਗੁਰਮੀਤ ਕੌਰ ਦੀ ਆਈਲੈਟਸ ਕੀਤੀ ਹੋਈ ਸੀ। ਉਸ ਦਾ ਵਿਆਹ ਪੌਣੇ ਦੋ ਸਾਲ ਪਹਿਲਾਂ ਬਠਿੰਡਾ ਵਿਖੇ ਹੋਇਆ ਸੀ। ਜਿਸ ਤੋਂ ਬਾਅਦ ਉਹ ਰੋਜ਼ੀ-ਰੋਟੀ ਕਮਾਉਣ ਦੀ ਖਾਤਿਰ 29 ਦਸੰਬਰ 2023 ਨੂੰ ਸਰੀ (ਕੈਨੇਡਾ) ਵਿਖੇ ਪੜ੍ਹਾਈ ਕਰਨ ਲਈ ਗਈ ਸੀ। ਹੁਣ ਉਸ ਦਾ ਇੱਕ ਸਮੈਸਟਰ ਪੂਰਾ ਹੋ ਚੁੱਕਿਆ ਸੀ। ਉਨ੍ਹਾਂ ਦੱਸਿਆ ਕਿ ਪੜ੍ਹਾਈ ਦੇ ਨਾਲ-ਨਾਲ ਕੰਮਕਾਰ ਨਾ ਮਿਲਣ ਕਾਰਨ ਉਹ ਪਰੇਸ਼ਾਨ ਰਹਿੰਦੀ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ 1 ਸਤੰਬਰ ਨੂੰ ਗੁਰਮੀਤ ਕੌਰ ਦੇ ਨਾਲ ਰਹਿੰਦੀਆਂ ਕੁੜੀਆਂ ਦਾ ਫੋਨ ਆਇਆ ਕਿ ਬੀਤੀ ਰਾਤ ਗੁਰਮੀਤ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਹੈ। ਉਨ੍ਹਾਂ ਨੇ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਗੁਰਮੀਤ ਦੀ ਮ੍ਰਿਤਕ ਦੇਹ ਕਸਬਾ ਭਦੌੜ ਵਿਖੇ ਲਿਆਉਣ ਲਈ ਮਦਦ ਕੀਤੀ ਜਾਵੇ ਤਾਂ ਕਿ ਉਹ ਆਪਣੀ ਧੀ ਨੂੰ ਆਖਰੀ ਵਾਰ ਦੇਖ ਸਕਣ ਤੇ ਉਸਦਾ ਸਸਕਾਰ ਕਰ ਸਕਣ।




# ਪੇਜ ਇੱਕ ਦੀ ਬਾਕੀ

## ਨਾਈਜੀਰੀਆ ਦੇ ਪਿੰਡ...

ਅਤੇ ਇਮਾਰਤਾਂ ਨੂੰ ਅੱਗ ਲਗਾਉਣ ਤੋਂ ਪਹਿਲਾਂ ਗੋਲੀਬਾਰੀ ਕੀਤੀ। ਯੋਬੇ ਦੇ ਡਿਪਟੀ ਗਵਰਨਰ ਈਦੀ ਬਾਰਦੇ ਗੁਬਾਨਾ ਨੇ ਐਤਵਾਰ ਨੂੰ ਹੋਏ ਹਮਲੇ 'ਚ ਮਰਨ ਵਾਲਿਆਂ ਦੀ ਗਿਣਤੀ 34 ਦੱਸੀ ਹੈ।

ਕਮਿਊਨਿਟੀ ਆਗੂ ਜਾਨ ਉਮਰ ਨੇ ਦੱਸਿਆ ਕਿ ਉਪ ਰਾਜਪਾਲ ਨੇ ਜਿਨ੍ਹਾਂ 34 ਵਿਅਕਤੀਆਂ ਦਾ ਜ਼ਿਕਰ ਕੀਤਾ ਹੈ, ਉਹ ਹਮਲੇ 'ਚ ਮਾਰੇ ਗਏ ਸਨ, ਉਹ ਇਕੋ ਪਿੰਡ ਦੇ ਸਨ। ਉਨ੍ਹਾਂ ਦੱਸਿਆ ਕਿ ਹਮਲੇ 'ਚ ਹੁਣ ਤੱਕ 102 ਪਿੰਡ ਵਾਸੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਲੋਕਾਂ ਨੂੰ ਜਾਂ ਤਾਂ ਅਧਿਕਾਰੀਆਂ ਦੇ ਪਹੁੰਚਣ ਤੋਂ ਪਹਿਲਾਂ ਦਫ਼ਨਾਇਆ ਗਿਆ ਸੀ ਜਾਂ ਉਨ੍ਹਾਂ ਦੀਆਂ ਲਾਸ਼ਾਂ ਨੂੰ ਦਫ਼ਨਾਉਣ ਲਈ ਹੋਰ ਥਾਵਾਂ 'ਤੇ ਲਿਜਾਇਆ ਗਿਆ ਸੀ। ਇਸ ਦੌਰਾਨ ਉਮਰ ਨੇ ਕਿਹਾ, "ਅਸੀਂ ਅਜੇ ਵੀ ਲੋਕਾਂ ਦੀ ਭਾਲ ਕਰ ਰਹੇ ਹਾਂ ਕਿਉਂਕਿ ਬਹੁਤ ਸਾਰੇ ਅਜੇ ਵੀ ਲਾਪਤਾ ਹਨ," ਓਮਰ ਨੇ ਕਿਹਾ ਕਿ ਪਿਛਲੇ ਸਾਲ ਯੋਬੇ 'ਚ ਸਭ ਤੋਂ ਘਾਤਕ ਹਮਲਾ ਸੀ। ਸਥਾਨਕ ਮੀਡੀਆ ਨੇ ਦੱਸਿਆ ਕਿ ਕੱਟੜਪੰਥੀਆਂ ਨੇ ਹਮਲੇ ਦੀ ਜ਼ਿੰਮੇਵਾਰੀ ਲੈਂਦਿਆਂ ਕਿਹਾ ਕਿ ਇਹ ਸੁਰੱਖਿਆ ਮੁਲਾਜ਼ਮਾਂ ਨੂੰ ਉਨ੍ਹਾਂ ਦੀਆਂ ਸਰਗਰਮੀਆਂ ਬਾਰੇ ਜਾਣਕਾਰੀ ਦੇਣ ਵਾਲੇ ਪਿੰਡ ਵਾਸੀਆਂ ਦੇ ਬਦਲੇ ਵਜੋਂ ਸੀ।

## ਕਿਮ ਜੋਂਗ ਦਾ...

(ਕੇ.ਸੀ.ਐਨ.ਏ) ਅਨੁਸਾਰ, ਕਿਮ ਜੋਂਗ-ਉਨ ਨੇ ਅਧਿਕਾਰੀਆਂ ਨੂੰ ਉਨ੍ਹਾਂ ਲੋਕਾਂ ਨੂੰ ਸਖ਼ਤ ਸਜ਼ਾ ਦੇਣ ਲਈ ਕਿਹਾ ਹੈ ਜਿਨ੍ਹਾਂ ਨੇ ਤਬਾਹੀ ਨੂੰ ਰੋਕਣ ਲਈ ਆਪਣੀ ਜ਼ਿੰਮੇਵਾਰੀ ਪੂਰੀ ਨਹੀਂ ਕੀਤੀ ਹੈ।

### ਹੜ੍ਹ ਕਾਰਨ ਭਾਰੀ ਤਬਾਹੀ

ਉੱਤਰੀ ਕੋਰੀਆ ਵਿੱਚ ਜੁਲਾਈ ਵਿੱਚ ਭਾਰੀ ਮੀਂਹ ਕਾਰਨ ਜ਼ਮੀਨ ਖਿਸਕਣ ਅਤੇ ਹੜ੍ਹ ਦੀ ਸਥਿਤੀ ਦੇਖਣ ਨੂੰ ਮਿਲੀ। ਇਸ ਨਾਲ 4000 ਤੋਂ ਵੱਧ ਘਰ ਪ੍ਰਭਾਵਿਤ ਹੋਏ। 5000 ਲੋਕਾਂ ਨੂੰ ਅਲੱਗ-ਥਲੱਗ ਕਰ ਦਿੱਤਾ ਗਿਆ। ਕਿਮ ਜੋਂਗ ਨੇ ਖੁਦ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਨਿਰੀਖਣ ਕੀਤਾ ਸੀ। ਇਸ ਸਬੰਧੀ ਵੀਡੀਓ ਫੁਟੇਜ ਸਾਹਮਣੇ ਆਈ ਹੈ। ਕੇ.ਸੀ.ਐਨ.ਏ ਅਨੁਸਾਰ ਬੱਚਿਆਂ, ਬਜ਼ੁਰਗਾਂ ਅਤੇ ਦਿਵਿਆਂਗ ਸੈਨਿਕਾਂ ਸਮੇਤ 15,400 ਤੋਂ ਵੱਧ ਲੋਕਾਂ ਨੂੰ ਪਿਓਂਗਯਾਂਗ ਸਹੂਲਤ ਵਿੱਚ ਰੱਖਿਆ ਗਿਆ ਹੈ। ਕਿਮ ਜੋਂਗ ਉਨ ਨੇ ਕਿਹਾ ਹੈ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਮੁੜ ਨਿਰਮਾਣ ਲਈ ਦੋ ਤੋਂ ਤਿੰਨ ਮਹੀਨੇ ਲੱਗਣਗੇ। ਕਿਮ ਜੋਂਗ ਉਨ ਨੇ ਕਿਹਾ ਕਿ ਸੂਬੇ ਦੇ ਕੁਝ ਹਿੱਸਿਆਂ ਨੂੰ ਵਿਸ਼ੇਸ਼ ਆਫ਼ਤ ਐਮਰਜੈਂਸੀ ਜ਼ੋਨ ਘੋਸ਼ਿਤ ਕੀਤਾ ਗਿਆ ਹੈ।

### ਜੰਗਲਾਂ ਦੀ ਕਟਾਈ ਕਾਰਨ ਹੜ੍ਹ ਵਧ ਰਹੇ

ਉੱਤਰੀ ਕੋਰੀਆ ਵਿੱਚ ਹੜ੍ਹ ਕੋਈ ਨਵੀਂ ਗੱਲ ਨਹੀਂ ਹੈ। ਪਹਾੜਾਂ ਵਿੱਚ ਵੱਡੇ ਪੱਧਰ 'ਤੇ ਜੰਗਲਾਂ ਦੀ ਕਟਾਈ ਕਾਰਨ ਇਹ ਸਥਿਤੀ ਹੋਰ ਵੀ ਗੰਭੀਰ ਹੋ ਗਈ ਹੈ। ਕੇਸੀਐਨਏ ਦੀ ਰਿਪੋਰਟ ਮੁਤਾਬਕ ਕਿਮ ਜੋਂਗ ਨੇ ਇਸ ਤੋਂ ਪਹਿਲਾਂ ਉਨ੍ਹਾਂ ਰਿਪੋਰਟਾਂ 'ਤੇ ਹਮਲਾ ਕੀਤਾ ਸੀ, ਜਿਸ 'ਚ ਮਰਨ ਵਾਲਿਆਂ ਦੀ ਗਿਣਤੀ 1000-1500 ਤੋਂ ਵੱਧ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਸੀ। ਕਿਮ ਜੋਂਗ ਮੁਤਾਬਕ ਇਹ ਖ਼ਬਰ ਉਨ੍ਹਾਂ ਨੂੰ ਬਦਨਾਮ ਕਰਨ ਲਈ ਫੈਲਾਈ ਗਈ ਸੀ। ਇਸ ਦੌਰਾਨ ਉੱਤਰੀ ਕੋਰੀਆ ਆਪਣੇ ਸੈਰ-ਸਪਾਟਾ ਅਤੇ ਆਰਥਿਕਤਾ ਨੂੰ ਵਧਾਉਣ ਲਈ ਆਪਣੇ ਦਰਵਾਜ਼ੇ ਖੋਲ੍ਹਣ 'ਤੇ ਵਿਚਾਰ ਕਰ ਰਿਹਾ ਹੈ।

## ਕੈਨੇਡਾ ਤੋਂ ਸਭ...

ਜਾਣ ਵਾਲਿਆ ਦੀ ਗਿਣਤੀ ਵਧ ਰਹੀ ਹੈ। ਕੈਨੇਡਾ ਅਤੇ ਅਮਰੀਕਾ ਵਿਚਕਾਰ 9000 ਕਿਲੋਮੀਟਰ ਦੀ ਸਰਹੱਦ ਹੈ। ਯੂ.ਐਸ ਦੇ ਸੀ.ਬੀ.ਪੀ ਦੇ ਅੰਕੜਿਆਂ ਅਨੁਸਾਰ ਇਸ ਸਾਲ ਜਨਵਰੀ ਤੋਂ ਜੂਨ ਦਰਮਿਆਨ ਹਰ ਮਹੀਨੇ ਅਮਰੀਕੀ ਸਰਹੱਦ 'ਤੇ ਫੜੇ ਗਏ ਭਾਰਤੀਆਂ ਦੀ ਔਸਤ ਗਿਣਤੀ 2548 ਤੋਂ 2024 ਵਿੱਚ 47 ਪ੍ਰਤੀਸ਼ਤ ਵਧ ਕੇ 3733 ਹੋ ਗਈ ਹੈ। 2021 ਵਿੱਚ ਇਹ ਸਿਰਫ 282 ਸੀ, ਜਿਸ ਵਿੱਚ 13 ਗੁਣਾ ਵਾਧਾ ਹੋਇਆ ਹੈ। ਬੋਸਟਨ ਕੰਸਲਟਿੰਗ ਗਰੁੱਪ ਦੇ ਇੱਕ ਤਾਜ਼ਾ ਅਧਿਐਨ ਵਿੱਚ ਅੰਦਾਜ਼ਾ ਲਗਾਇਆ ਗਿਆ ਹੈ ਕਿ ਭਾਰਤੀ ਅਮਰੀਕੀ ਕੁੱਲ ਅਮਰੀਕਾ ਦੀ ਆਬਾਦੀ ਦਾ 1.5 ਪ੍ਰਤੀਸ਼ਤ ਹਨ। ਪਰ ਉਹ ਸਾਰੇ ਇਨਕਮ ਟੈਕਸ ਦਾ 5-6 ਫੀਸਦੀ ਅਦਾ ਕਰਦਾ ਹੈ। ਇਸ ਦੌਰਾਨ, ਸ਼ਰਣ ਮੰਗਣ ਲਈ ਬ੍ਰਿਟੇਨ ਦੀਆਂ ਬੰਦਰਗਾਹਾਂ 'ਤੇ ਪਹੁੰਚਣ ਵਾਲੇ ਭਾਰਤੀਆਂ ਦੀ ਗਿਣਤੀ ਵੀ ਲਗਾਤਾਰ ਵਧ ਰਹੀ ਹੈ। 2021 ਵਿੱਚ ਇਹ ਗਿਣਤੀ 495 ਸੀ ਜੋ 2022 ਵਿੱਚ 136 ਫੀਸਦੀ ਵਧ ਕੇ 1170 ਹੋ ਗਈ। ਇਹ ਸੰਖਿਆ 2023 ਵਿੱਚ 1391 ਤੱਕ ਪਹੁੰਚ ਗਈ। ਇਸ ਸਾਲ ਦੀ ਗੱਲ ਕਰੀਏ ਤਾਂ ਜੂਨ ਤੱਕ 475 ਸ਼ਰਣ ਮੰਗਣ ਵਾਲੇ ਯੂਕੇ ਦੀਆਂ ਬੰਦਰਗਾਹਾਂ 'ਤੇ ਪਹੁੰਚੇ।

## ਕੈਨੇਡਾ ਨੇ ਹਵਾਈ...

ਮਹੀਨੇ ਦੌਰਾਨ ਔਸਤਨ 3,727 ਵਿਦੇਸ਼ੀ ਨਾਗਰਿਕਾਂ ਨੂੰ ਹਰ ਮਹੀਨੇ ਹਵਾਈ ਅੱਡੇ ਤੋਂ ਹੀ ਮੋੜ ਦਿਤਾ ਗਿਆ। ਹਵਾਈਆਂ ਅੱਡਿਆਂ ਸਣੇ ਜ਼ਮੀਨੀ ਰਸਤੇ ਅਮਰੀਕਾ ਤੋਂ ਆਉਣ ਵਾਲਿਆਂ ਦੇ ਯਾਤਰਾ ਦਸਤਾਵੇਜ਼ ਵੀ ਬਾਰੀਕੀ ਨਾਲ ਦੇਖੇ ਜਾ ਰਹੇ ਹਨ। ਇੰਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਸਿਆਸਤਦਾਨਾਂ ਵੱਲੋਂ ਬਾਰਡਰ ਅਫਸਰਾਂ ਦੇ ਕੰਨ ਵਿਚ ਫੂਕ ਮਾਰ ਦਿਤੀ ਗਈ ਹੈ ਕਿ ਵਿਦੇਸ਼ਾਂ ਤੋਂ ਆਉਣ ਵਾਲੇ ਕਈ ਲੋਕ ਸਾਡੇ ਮੁਲਕ ਨੂੰ ਨੁਕਸਾਨ ਪਹੁੰਚਾ ਰਹੇ ਹਨ ਜਿਸ ਦੇ ਮੱਦੇਨਜ਼ਰ ਜਾਇਜ਼ ਵੀਜ਼ਾ ਹੋਣ 'ਤੇ ਵੀ ਉਨ੍ਹਾਂ ਨੂੰ ਲੰਘਣ ਨਹੀਂ ਦਿਤਾ ਜਾਂਦਾ। ਉਧਰ ਇੰਮੀਗ੍ਰੇਸ਼ਨ ਵਿਭਾਗ ਵੱਲੋਂ ਵਿਜ਼ਟਰ ਵੀਜ਼ਾ, ਸਟੱਡੀ ਵੀਜ਼ਾ ਅਤੇ ਵਰਕ ਪਰਮਿਟ ਜਾਰੀ ਕਰਨ ਦੀ ਰਫ਼ਤਾਰ ਵੀ ਘਟਾ ਦਿਤੀ ਗਈ ਹੈ ਅਤੇ ਪਹਿਲਾਂ ਦੇ ਮੁਕਾਬਲੇ ਬਹੁਤ ਥੋੜ੍ਹੇ ਵੀਜ਼ੇ ਜਾਰੀ ਕੀਤੇ ਜਾ ਰਹੇ ਹਨ। ਇਥੋਂ ਤੱਕ ਕਿ ਵਿਜ਼ਟਰ ਵੀਜ਼ਾ ਦੀਆਂ ਜ਼ਿਆਦਾਤਰ ਅਰਜ਼ੀਆਂ ਸਿੱਧੇ ਤੌਰ 'ਤੇ ਰੱਦ ਕੀਤੀਆਂ ਜਾ ਰਹੀਆਂ ਹਨ ਜਦਕਿ ਸਟੱਡੀ ਵੀਜ਼ਿਆਂ ਦੀ ਗਿਣਤੀ 2023 ਦੇ ਮੁਕਾਬਲੇ ਬਹੁਤ ਜ਼ਿਆਦਾ ਘਟਾ ਦਿਤੀ ਗਈ ਹੈ। ਇੰਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਦੇ ਇਕ ਬੁਲਾਰੇ ਨੇ ਦਲੀਲ ਦਿਤੀ ਕਿ ਨਿਰਪੱਖ ਅਤੇ ਬਗੈਰ ਵਿਤਕਰੇ ਵਾਲੀ ਸੋਚ ਅਧੀਨ ਕੰਮ ਕੀਤਾ ਜਾ ਰਿਹਾ ਹੈ।

## ਕਾਂਗੋ : ਜੇਲ੍ਹ ਤੋੜ...

12,000 ਕੈਦੀ ਰੱਖੇ ਗਏ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸੁਣਵਾਈ ਪੂਰੀ ਹੋਣ ਦੀ ਉਡੀਕ ਕਰ ਰਹੇ ਹਨ। ਇਸ ਤੋਂ ਪਹਿਲਾਂ ਵੀ ਕੈਦੀਆਂ ਦੇ ਜੇਲ੍ਹ ਤੋੜ ਕੇ ਫ਼ਰਾਰ ਹੋਣ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਇਨ੍ਹਾਂ ਵਿੱਚੋਂ 2017 ਦੀ ਉਹ ਘਟਨਾ ਵੀ ਸ਼ਾਮਲ ਹੈ, ਜਿਸ ਵਿੱਚ ਇੱਕ ਧਾਰਮਿਕ ਫ਼ਿਰਕੇ ਨੇ ਸੈਂਕੜੇ ਕੈਦੀਆਂ ਨੂੰ ਮੁਕਤ ਕਰਵਾਇਆ ਸੀ। ਸਥਾਨਕ ਨਿਵਾਸੀਆਂ ਨੇ ਦੱਸਿਆ ਕਿ ਐਤਵਾਰ ਅੱਧੀ ਰਾਤ ਨੂੰ ਗੋਲੀਬਾਰੀ ਸ਼ੁਰੂ ਹੋਈ, ਜੋ ਸਵੇਰ ਤੱਕ ਜਾਰੀ ਰਹੀ। ਅਧਿਕਾਰੀ ਨੇ ਇਸ ਤੋਂ ਪਹਿਲਾਂ ਕਿਹਾ ਸੀ ਕਿ ਘਟਨਾ ਵਿੱਚ ਸਿਰਫ਼ ਦੋ ਵਿਅਕਤੀਆਂ ਦੀ ਮੌਤ ਦੀ ਪੁਸ਼ਟੀ ਹੋਈ ਹੈ, ਜਿਸ ਨੂੰ ਮਨੁੱਖੀ ਅਧਿਕਾਰ ਕਾਰਕੁਨਾਂ ਨੇ ਵਿਵਾਦਤ ਅੰਕੜਾ ਕਰਾਰ ਦਿੱਤਾ ਸੀ।

## ਟੈਕਸਾਸ 'ਚ ਭਿਆਨਕ...

ਅਤੇ ਭਾਈਚਾਰਕ ਸੰਗਠਨਾਂ ਨਾਲ ਲਗਾਤਾਰ ਸੰਪਰਕ 'ਚ ਹੈ ਅਤੇ ਪੂਰੀ ਸਹਾਇਤਾ ਪ੍ਰਦਾਨ ਕਰ ਰਿਹਾ ਹੈ। ਸ਼ੁਰੂਆਤੀ ਮੀਡੀਆ ਰੀਪੋਰਟਾਂ ਅਤੇ ਚਸ਼ਮਦੀਦਾਂ ਅਨੁਸਾਰ ਸ਼ੁਕਰਵਾਰ ਦੁਪਹਿਰ ਨੂੰ ਜਦੋਂ ਇਹ ਹਾਦਸਾ ਵਾਪਰਿਆ ਤਾਂ ਹਾਈਵੇਅ 'ਤੇ ਇਕ ਐਸ.ਯੂ.ਵੀ. ਸਮੇਤ ਗੱਡੀਆਂ ਦੀ ਕਤਾਰ ਸੀ। ਚਸ਼ਮਦੀਦਾਂ ਮੁਤਾਬਕ ਤੇਜ਼ ਰਫਤਾਰ ਨਾਲ ਆ ਰਹੇ ਇਕ ਟਰੱਕ ਨੇ ਐਸ.ਯੂ.ਵੀ. ਦੇ ਪਿਛਲੇ ਹਿੱਸੇ ਨੂੰ ਟੱਕਰ ਮਾਰ ਦਿਤੀ। ਉਨ੍ਹਾਂ ਦਸਿਆ ਕਿ ਟੱਕਰ ਇੰਨੀ ਜ਼ਬਰਦਸਤ ਸੀ ਕਿ ਐਸ.ਯੂ.ਵੀ. ਤਿੰਨ ਹੋਰ ਗੱਡੀਆਂ ਨਾਲ ਟਕਰਾ ਗਈ, ਜਿਸ ਕਾਰਨ ਭਿਆਨਕ ਅੱਗ ਲੱਗ ਗਈ ਅਤੇ ਚਾਰ ਲੋਕ ਜ਼ਿੰਦਾ ਸੜ ਗਏ। ਅਧਿਕਾਰੀਆਂ ਮੁਤਾਬਕ ਮ੍ਰਿਤਕਾਂ ਦੀਆਂ ਲਾਸ਼ਾਂ ਦੀ ਪਛਾਣ ਕਰਨ 'ਚ ਕਈ ਦਿਨ ਲੱਗ ਗਏ ਕਿਉਂਕਿ ਉਹ ਬੁਰੀ ਤਰ੍ਹਾਂ ਸੜ ਗਈਆਂ ਸਨ। ਉਨ੍ਹਾਂ ਕਿਹਾ ਕਿ ਹਾਦਸੇ 'ਚ ਕਈ ਲੋਕ ਜ਼ਖਮੀ ਹੋਏ ਹਨ ਪਰ ਉਨ੍ਹਾਂ ਦੀ ਸਹੀ ਗਿਣਤੀ ਸਪੱਸ਼ਟ ਨਹੀਂ ਹੈ। ਜ਼ਖਮੀਆਂ ਨੂੰ ਗੰਭੀਰ ਸੱਟਾਂ ਨਹੀਂ ਲੱਗੀਆਂ। ਅਧਿਕਾਰੀਆਂ ਨੇ ਦਸਿਆ ਕਿ ਹਾਦਸੇ 'ਚ ਮਾਰੇ ਗਏ ਓਰਾਮਪੱਟੀ ਅਤੇ ਸ਼ੇਖ ਡੱਲਾਸ 'ਚ ਇਕ ਰਿਸ਼ਤੇਦਾਰ ਨੂੰ ਮਿਲਣ ਤੋਂ ਬਾਅਦ ਵਾਪਸ ਪਰਤ ਰਹੇ ਸਨ, ਜਦਕਿ ਪਲਾਚਰਲਾ ਅਪਣੀ ਪਤਨੀ ਨੂੰ ਮਿਲਣ ਲਈ ਬੈਂਟਨਵਿਲੇ ਜਾ ਰਹੇ ਸਨ। ਟੈਕਸਾਸ ਯੂਨੀਵਰਸਿਟੀ ਤੋਂ ਮਾਸਟਰ ਦੀ ਡਿਗਰੀ ਹਾਸਲ ਕਰਨ ਵਾਲੀ ਦਰਸ਼ੀਨੀ ਅਪਣੇ ਚਾਚੇ ਨੂੰ ਮਿਲਣ ਲਈ ਅਰਕਾਨਸਾਸ ਜਾ ਰਹੀ ਸੀ। ਕੌਂਸਲ ਜਨਰਲ ਮੰਜੂਨਾਥ ਨੇ ਕਿਹਾ, "ਦਰਸ਼ੀਨੀ ਦੇ ਚਾਚਾ ਰਾਮਾਨੁਜਮ ਅਰਕਾਨਸਾਸ ਦੇ ਬੈਂਟਨਵਿਲੇ 'ਚ ਰਹਿੰਦੇ ਹਨ। ਉਹ ਉਨ੍ਹਾਂ ਨੂੰ ਮਿਲਣ ਜਾ ਰਹੀ ਸੀ। ਦਰਸ਼ੀਨੀ ਨੇ ਹਾਲ ਹੀ 'ਚ ਅਪਣੀ ਪੋਸਟ ਗ੍ਰੈਜੂਏਸ਼ਨ ਪੂਰੀ ਕੀਤੀ ਸੀ ਅਤੇ ਡੱਲਾਸ ਦੇ ਫਰਿਸਕੋ 'ਚ ਨੌਕਰੀ ਸ਼ੁਰੂ ਕੀਤੀ ਸੀ।" ਉਨ੍ਹਾਂ ਕਿਹਾ, "ਦੋ ਹੋਰ ਪੀੜਤ ਓਰਾਮਪੱਟੀ ਅਤੇ ਸ਼ੇਖ ਨੇ ਹਾਲ ਹੀ 'ਚ ਟੈਕਸਾਸ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕੀਤੀ ਸੀ। ਸ਼ੇਖ ਬਿਜ਼ਨਸ ਐਨਾਲਿਟਿਕਸ 'ਚ ਐਮਐਸ ਅਤੇ ਓਰਮਪੱਟੀ ਫਾਈਨਾਂਸ 'ਚ ਐਮ.ਐਸ. ਕਰ ਰਿਹਾ ਸੀ। ਪਲਾਚਰਲਾ, ਜੋ ਵਾਹਨ ਚਲਾ ਰਿਹਾ ਸੀ, ਡੱਲਾਸ ਦੀ ਇਕ ਕੰਪਨੀ 'ਚ ਕੰਮ ਕਰਦਾ ਸੀ।" ਇਸ ਹਾਦਸੇ ਤੋਂ ਬਾਅਦ ਅਮਰੀਕਾ 'ਚ ਭਾਰਤੀ ਭਾਈਚਾਰੇ ਖਾਸ ਕਰ ਕੇ ਤੇਲਗੂ ਭਾਈਚਾਰੇ 'ਚ ਸੋਗ ਦੀ ਲਹਿਰ ਹੈ।

## ਸ਼ਿਕਾਗੋ ਦੀ 'ਬਲੂ ਲਾਈਨ...

ਘਟਨਾ ਦੇ ਸਬੰਧ 'ਚ ਇਕ ਸ਼ੱਕੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਅਧਿਕਾਰੀਆਂ ਨੇ ਮੰਗਲਵਾਰ ਨੂੰ 30 ਸਾਲਾ ਸ਼ੱਕੀ ਵਿਅਕਤੀ 'ਤੇ ਕਤਲ ਦਾ ਦੋਸ਼ ਲਗਾਇਆ। ਫ਼ੋਰੈਸਟ ਪਾਰਕ ਦੇ ਮੇਅਰ ਰੋਰੀ ਹੋਸਕਿਨਸ ਨੇ ਕਿਹਾ, "ਜਦੋਂ ਉਨ੍ਹਾਂ ਨੂੰ ਗੋਲੀ ਮਾਰੀ ਗਈ ਤਾਂ ਇਹ ਮੁਸਾਫ਼ਰ ਸੁੱਤੇ ਹੋਏ ਸਨ।" ਕੁੱਕ ਕਾਊਂਟੀ ਦੇ ਮੈਡੀਕਲ ਜਾਂਚਕਰਤਾ ਦੇ ਦਫਤਰ ਨੇ ਦਸਿਆ ਕਿ ਤਿੰਨ ਪੁਰਸ਼ਾਂ ਅਤੇ ਇਕ ਔਰਤ ਦੀ ਮੌਤ ਹੋ ਗਈ। ਜੰਗਲਾਤ ਪਾਰਕ ਪੁਲਿਸ ਨੇ ਕਿਹਾ ਕਿ ਚਾਰੇ ਬਾਲਗ ਜਾਪਦੇ ਹਨ।

ਹੋਸਕਿਨਸ ਨੇ ਕਿਹਾ ਕਿ ਸ਼ੱਕੀ ਕਤਲੇਆਮ ਤੋਂ ਬਾਅਦ ਫਰਾਰ ਹੋ ਗਿਆ ਪਰ ਪੁਲਿਸ ਨੇ ਵੀਡੀਉ ਫੁਟੇਜ ਦੀ ਮਦਦ ਨਾਲ ਉਸ ਨੂੰ ਫੜ ਲਿਆ। ਅਧਿਕਾਰੀਆਂ ਨੇ ਉਸ ਦੀ ਪਛਾਣ ਸ਼ਿਕਾਗੋ ਦੇ ਰੈਨੀ ਐਸ. ਡੇਵਿਸ ਵਜੋਂ ਕੀਤੀ ਹੈ।






# ਯੂ.ਐੱਸ. ਚੋਣਾਂ: ਪਹਿਲੀ ਵਾਰ ਬਾਇਡਨ-ਹੈਰਿਸ ਇਕੱਠੇ ਮੈਦਾਨ 'ਚ ਉੱਤਰੇ



ਵਾਸ਼ਿੰਗਟਨ ਡੀ.ਸੀ., : ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਕਮਲਾ ਹੈਰਿਸ ਨੇ ਪਹਿਲੀ ਵਾਰ ਇਕੱਠੇ ਚੋਣ ਪ੍ਰਚਾਰ ਕੀਤਾ। ਬਾਇਡਨ ਅਤੇ ਹੈਰਿਸ ਨੂੰ ਉਮੀਦਵਾਰ ਵਜੋਂ ਉਸਦੀ ਜਗ੍ਹਾ ਲੈਣ ਅਤੇ ਡੈਮੋਕ੍ਰੇਟਿਕ ਚੋਣ ਦੀਆਂ ਉਮੀਦਾਂ ਨੂੰ ਉਤਸ਼ਾਹਤ ਕਰਨ ਤੋਂ ਬਾਅਦ ਟੀਮ ਵਰਕ ਦੇ ਜਨਤਕ ਪ੍ਰਦਰਸ਼ਨ ਵਿਚ ਇਕੱਠੇ ਦੇਖਿਆ ਗਿਆ।

ਪੈਨਸਿਲਵੇਨੀਆ ਵਰਗੇ ਮੁੱਖ ਚੋਣ ਸਥਾਨ 'ਤੇ ਵੋਟਰਾਂ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕਰਦੇ ਹੋਏ ਲਗਭਗ 600 ਸਮਰਥਕਾਂ ਨਾਲ ਗੱਲ ਕਰਨ ਲਈ ਇਕੱਠੇ ਖੜ੍ਹੇ ਹੋਣ ਤੋਂ ਪਹਿਲਾਂ ਜੋੜਾ ਪਿਟਸਬਰਗ ਵਿਚ ਵਰਕਰਜ਼ ਯੂਨੀਅਨ ਦੇ ਮੈਂਬਰਾਂ ਨਾਲ ਮਿਲਿਆ। ਇਸ ਦੌਰਾਨ ਬਾਇਡਨ ਨੇ ਵਾਰ-ਵਾਰ ਉਪ ਰਾਸ਼ਟਰਪਤੀ ਹੈਰਿਸ ਦਾ ਨਾਂ ਲਿਆ। ਪਾਰਟੀ ਦਾਅਵਾ ਕਰ ਰਹੀ ਹੈ ਕਿ 5 ਨਵੰਬਰ ਨੂੰ ਵ੍ਹਾਈਟ ਹਾਊਸ ਦੀ ਦੌੜ ਵਿਚ ਡੋਨਾਲਡ ਟਰੰਪ ਨੂੰ ਹਰਾਉਣ ਦੀ ਨਜ਼ਦੀਕੀ ਦੌੜ ਵਿਚ ਮੁਹਿੰਮ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਪ੍ਰਚਾਰ ਦੌਰਾਨ ਬਾਇਡਨ ਨੇ ਕਿਹਾ ਕਿ ਅਸੀਂ ਕਾਫੀ ਤਰੱਕੀ ਕੀਤੀ ਹੈ। ਕਮਲਾ ਅਤੇ ਮੈਂ ਉਸ ਤਰੱਕੀ ਨੂੰ ਅੱਗੇ ਲੈ ਕੇ ਜਾ ਰਹੇ ਹਾਂ। ਪ੍ਰਧਾਨ ਨੇ ਕਿਹਾ ਕਿ ਭਾਵੇਂ ਮੈਂ ਪਾਸੇ ਰਹਾਂਗਾ, ਮੈਂ ਹਰ ਸੰਭਵ ਮਦਦ ਕਰਾਂਗਾ।

81 ਸਾਲਾ ਬਾਇਡਨ ਨੇ ਸ਼ੁਰੂ ਵਿਚ ਟਰੰਪ ਵਿਰੁੱਧ ਆਪਣੀ 'ਹਾਰੀ' ਬਹਿਸ ਤੋਂ ਬਾਅਦ ਰਾਸ਼ਟਰਪਤੀ ਅਹੁਦੇ ਦੀ ਦੌੜ ਤੋਂ ਬਾਹਰ ਹੋਣ ਦਾ ਵਿਰੋਧ ਕੀਤਾ ਸੀ, ਪਰ ਬਾਅਦ ਵਿਚ 59 ਸਾਲਾ ਹੈਰਿਸ ਨੂੰ ਅੱਗੇ ਕਰਕੇ ਪਿੱਛੇ ਹਟ ਗਿਆ। ਬਾਇਡਨ ਨੇ ਕਿਹਾ ਕਿ ਇਸ ਸਮੇਂ ਤੁਹਾਡੇ ਕੋਲ ਸਿਰਫ ਇੱਕ ਵਿਅਕਤੀ ਹੈ, ਜੋ ਤਰਕਸ਼ੀਲ ਵਿਕਲਪ ਹੈ ਅਤੇ ਉਹ ਹੈ ਕਮਲਾ ਹੈਰਿਸ। ਆਪਣੇ ਸਮਰਥਕਾਂ ਦੇ ਨਾਅਰਿਆਂ ਦਰਮਿਆਨ ਉਨ੍ਹਾਂ ਕਿਹਾ, "ਮੈਂ ਉਨ੍ਹਾਂ ਨੂੰ ਜਾਣਦਾ ਹਾਂ। ਮੈਨੂੰ ਉਸ 'ਤੇ ਭਰੋਸਾ ਹੈ। ਇਹ ਔਰਤ ਜਾਣਦੀ ਹੈ ਕਿ ਉਹ ਕੀ ਕਰ ਰਹੀ ਹੈ। ਉਤਸ਼ਾਹ ਦੀ ਲਹਿਰ 'ਤੇ ਸਵਾਰ ਹੋ ਕੇ, ਹੈਰਿਸ ਨੇ ਹਾਲ ਹੀ ਦੇ ਹਫ਼ਤਿਆਂ ਵਿਚ ਦੇਸ਼ ਭਰ ਵਿਚ ਭੀੜ-ਭੜੱਕੇ ਵਾਲੀਆਂ ਰੈਲੀਆਂ ਕੀਤੀਆਂ ਹਨ ਅਤੇ ਭਾਰੀ ਨਕਦ ਦਾਨ ਇਕੱਠਾ ਕੀਤਾ ਹੈ। ਪੋਲ ਦਿਖਾਉਂਦੇ ਹਨ ਕਿ ਉਸ ਦੇ ਦਾਖਲੇ ਨਾਲ ਰਿਪਬਲਿਕਨ ਟਰੰਪ ਨੂੰ ਹਰਾਉਣ ਦੇ ਡੈਮੋਕ੍ਰੇਟਸ ਦੀਆਂ ਸੰਭਾਵਨਾਵਾਂ ਵਿਚ ਸੁਧਾਰ ਹੋਇਆ ਹੈ। ਪਰ ਨਤੀਜਾ ਬਹੁਤ ਹੀ ਅਨਿਸ਼ਚਿਤ ਹੈ। ਪਿਟਸਬਰਗ ਵਿਚ, ਬਾਇਡਨ ਅਤੇ ਹੈਰਿਸ ਇੱਕ ਦੂਜੇ ਨੂੰ ਜੱਫੀ ਪਾਉਂਦੇ ਅਤੇ ਸਮਰਥਕਾਂ ਵਿਚ ਹੱਥ ਫੜਦੇ ਹੋਏ ਦਿਖਾਈ ਦਿੱਤੇ।

# ਫਰਾਂਸ: ਇੰਗਲਿਸ਼ ਚੈਨਲ 'ਚ ਪਰਵਾਸੀਆਂ ਵਾਲੀ ਕਿਸ਼ਤੀ ਡੁੱਬੀ, 12 ਦੀ ਮੌਤ




ਬੌਲੋਂਗ-ਸੁਰ-ਮੇਰ/ਪੈਰਿਸ (ਪੰਜਾਬ ਸਟਾਰ ਬਿਊਰੋ): ਫਰਾਂਸ ਦੇ ਉੱਤਰੀ ਇਲਾਕੇ 'ਚ ਇੰਗਲਿਸ਼ ਚੈਨਲ ਪਾਰ ਕਰਨ ਦੀ ਕੋਸ਼ਿਸ਼ ਦੌਰਾਨ ਇੱਕ ਕਿਸ਼ਤੀ ਡੁੱਬਣ ਕਾਰਨ 12 ਪਰਵਾਸੀਆਂ ਦੀ ਮੌਤ ਹੋ ਗਈ। ਫਰਾਂਸ ਦੇ ਤੱਟੀ ਕਸਬੇ ਲੀ ਪੋਰਟਲ ਦੇ ਮੇਅਰ ਓਲਿਵਰ ਬਾਰਬੇਰਿਨ ਅਤੇ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਚੈਨਲ ਦੇ ਨੇੜੇ ਇੱਕ ਕਿਸ਼ਤੀ ਡੁੱਬਣ ਕਾਰਨ ਦਰਜਨਾਂ ਪਰਵਾਸੀ ਪਾਣੀ 'ਚ ਫਸ ਗਏ। ਓਲਿਵਰ ਨੇ ਦੱਸਿਆ ਕਿ ਇਹ ਹਾਦਸਾ ਕਿਸ਼ਤੀ ਦਾ ਹੇਠਲਾ ਹਿੱਸਾ ਟੁੱਟਣ ਕਾਰਨ ਵਾਪਰਿਆ। ਅਧਿਕਾਰੀਆਂ ਨੇ ਦੱਸਿਆ ਕਿ ਮ੍ਰਿਤਕਾਂ 'ਚ ਜ਼ਿਆਦਾਤਰ ਔਰਤਾਂ ਸਨ, ਜਿਨ੍ਹਾਂ ਵਿੱਚੋਂ ਕੁਝ ਦੀ ਉਮਰ 18 ਸਾਲ ਤੋਂ ਘੱਟ ਸੀ। ਬਹੁਤ ਸਾਰੇ ਯਾਤਰੀਆਂ ਕੋਲ ਜੀਵਨ ਰੱਖਿਅਕ ਜੈਕਟਾਂ ਵੀ ਨਹੀਂ ਸਨ। ਇਸ ਤੋਂ ਪਹਿਲਾਂਇੱਕ ਸਮੁੰਦਰੀ ਬਚਾਅ ਅਧਿਕਾਰੀ ਨੇ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਹਾਦਸੇ 'ਚ ਘੱਟੋ ਘੱਟ 13 ਵਿਅਕਤੀ ਮਾਰੇ ਗਏ ਹਨ। ਅਧਿਕਾਰੀਆਂ ਨੇ ਕਿਹਾ ਕਿ ਕਿਸ਼ਤੀ ਗਰਿਸ-ਨੇਜ਼ ਪੁਆਇੰਟ 'ਤੇ ਘਿਰ ਗਈ ਅਤੇ ਉਸ 'ਚ ਸਵਾਰ ਸਾਰੇ ਜਣੇ ਪਾਣੀ 'ਚ ਡਿੱਗ ਪਏ। ਬੈਗੀਓ ਤੇ ਮੇਅਰ ਨੇ ਕਿਹਾ ਕਿ ਚਾਰ ਘੰਟਿਆਂ ਤੱਕ ਚੱਲੇ ਬਚਾਅ ਅਪਰੇਸ਼ਨ ਦੌਰਾਨ ਰਾਹਤ ਕਰਮੀਆਂ ਨੂੰ ਪਾਣੀ ਵਿਚੋਂ 65 ਵਿਅਕਤੀ ਮਿਲੇ। ਉਨ੍ਹਾਂ ਕਿਹਾ ਕਿ ਡਾਕਟਰਾਂ ਨੇ 12 ਮੌਤਾਂ ਦੀ ਪੁਸ਼ਟੀ ਕੀਤੀ ਹੈ। ਅਧਿਕਾਰੀਆਂ ਮੁਤਾਬਕ 12 ਹੋਰਨਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਤੇ ਦੋ ਹਾਲਤ ਕਾਫੀ ਗੰਭੀਰ ਹੈ।

# ਕੈਨੇਡਾ 'ਚ ਸ਼ਰਨ ਲੈਣ ਦੇ ਦਾਅਵੇਦਾਰਾਂ ਦੀ ਗਿਣਤੀ ਤੇਜ਼ੀ ਨਾਲ ਵਧੀ



ਓਟਾਵਾ, (ਪੰਜਾਬ ਸਟਾਰ ਬਿਊਰੋ): ਇਸ ਸਾਲ ਕੈਨੇਡਾ ਵਿਚ ਸ਼ਰਣ ਲੈਣ ਦੇ ਦਾਅਵੇਦਾਰਾਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ। ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਦੇ ਅੰਕੜਿਆਂ ਅਨੁਸਾਰ ਇਸ ਸਾਲ ਜਨਵਰੀ ਤੋਂ ਜੂਨ ਦਰਮਿਆਨ 16,800 ਪਨਾਹ ਦੇ ਦਾਅਵੇ ਕੀਤੇ ਗਏ ਹਨ, ਜੋ ਕਿ 2023 'ਚ ਕੁੱਲ 11,265 ਸਨ। 2015 ਵਿਚ ਜਦੋਂ ਮੌਜੂਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਪਹਿਲੀ ਵਾਰ ਸੱਤਾ ਵਿਚ ਆਏ ਸਨ, ਤਾਂ ਸਿਰਫ 380 ਅਜਿਹੇ ਦਾਅਵੇ ਕੀਤੇ ਗਏ ਸਨ। ਹਾਲਾਂਕਿ, ਜਦੋਂ ਇਹ ਦਾਅਵੇ ਕੈਨੇਡਾ ਦੇ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ ਦੇ ਸਾਹਮਣੇ ਆਉਂਦੇ ਹਨ, ਤਾਂ ਉਨ੍ਹਾਂ ਨੂੰ ਘੱਟ ਹੀ ਸਵੀਕਾਰ ਕੀਤਾ ਜਾਂਦਾ ਹੈ।

ਇਸ ਸਾਲ ਹੁਣ ਤੱਕ ਕੈਨੇਡਾ ਦੇ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ ਨੂੰ 15,298 ਕੇਸ ਭੇਜੇ ਜਾ ਚੁੱਕੇ ਹਨ, ਜਿਨ੍ਹਾਂ ਵਿਚੋਂ ਸਿਰਫ਼ 1,078 ਹੀ ਸਵੀਕਾਰ ਕੀਤੇ ਗਏ ਹਨ। ਬੋਰਡ ਸਾਹਮਣੇ ਭਾਰਤੀ ਨਾਗਰਿਕਾਂ ਦੇ 23538 ਦਾਅਵੇ ਪੈਂਡਿੰਗ ਹਨ। ਅੱਤਿਆਚਾਰ ਦਾ ਦਾਅਵਾ ਕਰਨ ਦੇ ਬਾਵਜੂਦ, ਭਾਰਤ ਉਨ੍ਹਾਂ ਨੂੰ ਆਪਣੇ ਪਾਸਪੋਰਟਾਂ ਨੂੰ ਨਵਿਆਉਣ ਦੀ ਸਹੂਲਤ ਪ੍ਰਦਾਨ ਕਰਦਾ ਹੈ ਅਤੇ ਜੇ ਉਹ ਕੈਨੇਡੀਅਨ ਨਾਗਰਿਕਤਾ ਪ੍ਰਾਪਤ ਕਰਦੇ ਹਨ, ਤਾਂ ਉਨ੍ਹਾਂ ਨੂੰ ਵੀਜ਼ਾ ਜਾਂ ਓਵਰਸੀਜ਼ ਸਿਟੀਜ਼ਨ ਆਫ਼ ਇੰਡੀਆ ਜਾਂ ਓ.ਸੀ.ਆਈ. ਕਾਰਡ ਜਾਰੀ ਕੀਤੇ ਜਾਂਦੇ ਹਨ।

# ਬੈਂਕ ਆੱਫ਼ ਕੈਨੇਡਾ ਵੱਲੋਂ ਵਿਆਜ ਦਰ 'ਚ ਇੱਕ ਕੁਆਰਟਰ ਦੀ ਕੀਤੀ ਗਈ ਕਮੀ

## ਭਵਿੱਖ 'ਚ ਹੋਰ ਰੇਟ ਘੱਟ ਕਰ ਸਕਦਾ ਬੈਂਕ ਆਫ਼ ਕੈਨੇਡਾ




ਟੋਰਾਂਟੋ (ਬਲਜਿੰਦਰ ਸੇਖਾ) : ਅੱਜ ਬੈਂਕ ਆਫ ਕੈਨੇਡਾ ਨੇ ਮੁੱਖ ਵਿਆਜ ਦਰਾਂ 'ਚ ਫਿਰ ਕਟੌਤੀ ਕੀਤੀ ਹੈ । ਅੱਗੇ ਹੋਰ ਕਟੌਤੀਆਂ ਦਾ ਸੰਕੇਤ ਦਿੱਤਾ ਹੈ । ਬੈਂਕ ਆਫ ਕੈਨੇਡਾ ਨੇ ਬੁੱਧਵਾਰ ਨੂੰ ਲਗਾਤਾਰ ਤੀਜੀ ਵਾਰ ਵਿਆਜ ਦਰਾਂ ਵਿੱਚ ਕਟੌਤੀ ਕੀਤੀ, ਜਿਸ ਨਾਲ ਇਸਦੀ ਹੁਣ ਵਿਆਜ ਦਰ 4.25 ਫੀਸਦੀ ਹੋ ਗਈ। ਆਰਥਿਕਤਾ ਵਿੱਚ ਚੱਲ ਰਹੀ ਨਰਮੀ ਅਤੇ ਮਹਿੰਗਾਈ ਨੂੰ ਘੱਟ ਕਰਨ ਦੇ ਮੱਦੇਨਜ਼ਰ, ਪੂਰਵ ਅਨੁਮਾਨਕਾਰਾਂ ਦੁਆਰਾ ਤਿਮਾਹੀ ਪ੍ਰਤੀਸ਼ਤ ਅੰਕ ਦਰ ਵਿੱਚ ਕਟੌਤੀ ਦੀ ਵਿਆਪਕ ਤੌਰ 'ਤੇ ਉਮੀਦ ਕੀਤੀ ਗਈ ਸੀ। ਆਪਣੀ ਲਿਖਤੀ ਬਿਆਨ ਵਿੱਚ, ਗਵਰਨਰ ਟਿਫ ਮੈਕਲੇਮ ਦਾ ਕਹਿਣਾ ਹੈ ਕਿ ਬੈਂਕ ਆਫ ਕੈਨੇਡਾ ਦਾ ਫੈਸਲਾ ਹੁਣ ਵਧੀਆ ਆਰਥਿਕਤਾ ਨੂੰ ਦਰਸਾਉਂਦਾ ਹੈ। ਹੁਣ ਬੈਂਕ ਆਫ ਕੈਨੇਡਾ ਦੀ ਅਗਲੀ ਬੈਠਕ 23 ਅਕਤੂਬਰ ਨੂੰ ਹੋਵੇਗੀ। ਹੋਰ ਜਾਣਕਾਰੀ ਲਈ ਬਲਜਿੰਦਰ ਸੇਖਾ ਨਾਲ 4165096200 ਤੇ ਸੰਪਰਕ ਕਰ ਸਕਦੇ ਹੋ।












# ਪੁਤਿਨ ਨੇ ਵਿਗਿਆਨੀਆਂ ਨੂੰ ਦਿੱਤਾ ਹੁਕਮ

## ਬੁੱਢਿਆਂ ਨੂੰ ਜਵਾਨ ਬਣਾਉਣ ਦੀ ਦਵਾਈ ਛੇਤੀ ਬਣਾਓ



ਮਾਸਕੋ : ਯੂਕਰੇਨ ਦੇ ਨਾਲ ਚੱਲ ਰਹੇ ਭਿਆਨਕ ਯੁੱਧ ਦੇ ਵਿਚਕਾਰ, ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਰੂਸੀ ਵਿਗਿਆਨੀਆਂ ਨੂੰ ਐਂਟੀ-ਏਜਿੰਗ ਦਵਾਈ ਬਣਾਉਣ ਦਾ ਆਦੇਸ਼ ਦਿੱਤਾ ਹੈ। ਅਜਿਹੀਆਂ ਖਬਰਾਂ ਹਨ ਕਿ ਪੁਤਿਨ ਆਪਣੀ ਅਤੇ ਸਰਕਾਰ ਦੇ ਕਈ ਬਜ਼ੁਰਗ ਮੰਤਰੀਆਂ ਦੀ ਉਮਰ ਨੂੰ ਰੋਕਣਾ ਚਾਹੁੰਦੇ ਹਨ। ਰੂਸ ਦੇ ਸਿਹਤ ਮੰਤਰਾਲੇ ਨੇ ਇਸ ਸਾਲ ਜੂਨ 'ਚ ਵਿਗਿਆਨੀਆਂ ਨੂੰ ਇਹ ਨਿਰਦੇਸ਼ ਦਿੱਤੇ ਸਨ। ਇਸਦੇ ਲਈ ਟੀਚਾ ਵੀ ਮਿੱਥਿਆ ਗਿਆ ਹੈ। ਸਾਲ 2030 ਤੱਕ 175,000 ਬਜ਼ੁਰਗਾਂ ਨੂੰ ਜਵਾਨ ਬਣਾਉਣ ਦਾ ਟੀਚਾ ਰੱਖਿਆ ਗਿਆ ਹੈ। ਦੂਜੇ ਪਾਸੇ ਪੁਤਿਨ ਸਰਕਾਰ ਦਾ ਪੱਤਰ ਮਿਲਣ ਤੋਂ ਬਾਅਦ ਵਿਗਿਆਨੀਆਂ ਨੇ ਹੈਰਾਨੀ ਜਤਾਈ ਹੈ ਅਤੇ ਕਿਹਾ ਹੈ ਕਿ ਇਹ ਪਹਿਲੀ ਵਾਰ ਹੈ ਕਿ ਇੰਨੇ ਘੱਟ ਨੋਟਿਸ 'ਤੇ ਅਜਿਹਾ ਆਦੇਸ਼ ਮਿਲਿਆ ਹੈ।

ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਦਰਮਿਆਨ ਵਲਾਦੀਮੀਰ ਪੁਤਿਨ ਦੀ ਉਮਰ ਨੂੰ ਲੈ ਕੇ ਕਾਫੀ ਚਿੰਤਾ ਹੈ ਕਿਉਂਕਿ ਯੁੱਧ 'ਚ ਲਗਾਤਾਰ ਨੌਜਵਾਨਾਂ ਦੇ ਮਾਰੇ ਜਾਣ ਤੋਂ ਬਾਅਦ ਹੁਣ ਰੂਸ 'ਚ ਬਜ਼ੁਰਗਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਰੂਸ ਦੀ ਫੈਡਰਲ ਸਟੇਟ ਸਟੈਟਿਸਟਿਕਸ ਸਰਵਿਸ (ਰੋਸਸਟੈਟ) ਦੁਆਰਾ ਜਾਰੀ ਕੀਤੇ ਗਏ ਅੰਕੜਿਆਂ ਦੇ ਅਨੁਸਾਰ, ਦੇਸ਼ ਦੀ ਔਸਤ ਜੀਵਨ ਸੰਭਾਵਨਾ ਜੁਲਾਈ 2023 ਤੋਂ ਜੂਨ 2024 ਦੇ ਵਿਚਕਾਰ 73.24 ਸਾਲ ਤੱਕ ਘਟਣ ਲਈ ਤੈਅ ਹੈ। ਪਿਛਲੇ ਮਹੀਨੇ, ਐਮਆਰਸੀ ਲੈਬਾਰਟਰੀ ਆਫ਼ ਮੈਡੀਕਲ ਸਾਇੰਸਜ਼, ਇੰਪੀਰੀਅਲ ਕਾਲਜ ਲੰਡਨ ਅਤੇ ਸਿੰਗਾਪੁਰ ਦੇ ਡਿਊਕ-ਐਨਯੂਐਸ ਮੈਡੀਕਲ ਸਕੂਲ ਦੇ ਖੋਜਕਰਤਾਵਾਂ ਨੇ ਇੱਕ ਅਜਿਹੀ ਦਵਾਈ ਦੀ ਖੋਜ ਕਰਨ ਦਾ ਦਾਅਵਾ ਕੀਤਾ ਹੈ ਜੋ ਬੁੱਢੇ ਨੂੰ ਜਵਾਨ ਬਣਾਉਣ ਵਿੱਚ ਕਾਰਗਰ ਸਾਬਤ ਹੋ ਸਕਦੀ ਹੈ। ਖੋਜਕਰਤਾਵਾਂ ਨੇ ਪ੍ਰਯੋਗਸ਼ਾਲਾ ਵਿੱਚ ਇੱਕ ਚੂਹੇ ਉੱਤੇ ਪ੍ਰਯੋਗ ਕੀਤਾ ਅਤੇ ਪਾਇਆ ਕਿ ਦਵਾਈ ਦੇ ਬਾਅਦ ਚੂਹਾ ਬੁੱਢੇ ਤੋਂ ਜਵਾਨ ਵਿੱਚ ਬਦਲ ਗਿਆ। ਵਿਗਿਆਨੀਆਂ ਨੇ ਪਾਇਆ ਕਿ ਦਵਾਈ ਜਾਨਵਰਾਂ ਦੀ ਉਮਰ ਲਗਭਗ 25% ਵਧਾ ਸਕਦੀ ਹੈ। ਹਾਲਾਂਕਿ, ਇਸਦੀ ਵਰਤੋਂ ਅਜੇ ਤੱਕ ਕਿਸੇ ਮਨੁੱਖ 'ਤੇ ਨਹੀਂ ਕੀਤੀ ਗਈ ਹੈ। ਵਿਗਿਆਨੀਆਂ ਨੇ ਇਹ ਵੀ ਨਹੀਂ ਦੱਸਿਆ ਕਿ ਜੇਕਰ ਅਜਿਹੀ ਦਵਾਈ ਮਨੁੱਖਾਂ 'ਤੇ ਵਰਤੀ ਜਾਵੇ ਤਾਂ ਕੀ ਹੋ ਸਕਦਾ ਹੈ?

# ਪੰਜਾਬ 'ਚ ਗੈਰ-ਕਾਨੂੰਨੀ ਕਾਲੋਨੀਆਂ ਕੱਟਣ ਵਾਲਿਆਂ ਦੀ ਹੁਣ ਖੈਰ ਨਹੀਂ !

## 25 ਲੱਖ ਤੋਂ 5 ਕਰੋੜ ਤੱਕ ਜ਼ੁਰਮਾਨੇ ਦੇ ਨਾਲ 10 ਸਾਲ ਦੀ ਸਜ਼ਾ ਵੀ ਤੈਅ

ਚੰਡੀਗੜ੍ਹ : ਪੰਜਾਬ ਦੇ ਆਮ ਲੋਕਾਂ ਨੂੰ ਵੱਡੀ ਰਾਹਤ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ (Bhagwant iSngh Mann) ਦੀ ਅਗਵਾਈ ਵਿੱਚ ਪੰਜਾਬ ਵਿਧਾਨ ਸਭਾ ਨੇ ਅੱਜ ਇਤਿਹਾਸਕ ਬਿੱਲ 'ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਐਕਟ-2024' ਨੂੰ ਸਰਬਸੰਮਤੀ ਨਾਲ ਪਾਸ ਕਰਦਿਆਂ ਪਲਾਟ ਦੀ ਰਜਿਸਟਰੀ ਲਈ ਕੋਈ ਇਤਰਾਜ਼ ਨਹੀਂ ਸਰਟੀਫਿਕੇਟ (NoC) ਦੀ ਸ਼ਰਤ ਨੂੰ ਖਤਮ ਕਰ ਦਿੱਤਾ।



ਵਿਧਾਨ ਸਭਾ ਦੇ ਸਦਨ ਵਿੱਚ 'ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਐਕਟ-2024' ਉਤੇ ਬਹਿਸ ਨੂੰ ਸਮੇਟਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਸੋਧ ਦਾ ਮਕਸਦ ਜਿੱਥੇ ਗੈਰ-ਕਨੂੰਨੀ ਕਲੋਨੀਆਂ ਉਤੇ ਸ਼ਿਕੰਜਾ ਕੱਸਣਾ ਹੈ, ਉਥੇ ਹੀ ਛੋਟੇ ਪਲਾਟ ਮਾਲਕਾਂ ਨੂੰ ਰਾਹਤ ਦੇਣਾ ਹੈ। ਉਨ੍ਹਾਂ ਕਿਹਾ ਕਿ ਇਸ ਬਿੱਲ ਨਾਲ ਆਮ ਲੋਕਾਂ ਨੂੰ ਬਹੁਤ ਵੱਡੀ ਰਾਹਤ ਮਿਲੇਗੀ ਕਿਉਂ ਜੋ ਇਸ ਸੋਧ ਨਾਲ ਲੋਕਾਂ ਨੂੰ ਆਪਣੇ ਪਲਾਟਾਂ ਦੀ ਰਜਿਸਟਰੀ ਕਰਵਾਉਣ ਵਿੱਚ ਦਰਪੇਸ਼ ਸਮੱਸਿਆ ਖਤਮ ਹੋ ਜਾਵੇਗੀ ਅਤੇ ਅਣ-ਅਧਿਕਾਰਤ ਕਲੋਨੀਆਂ ਉਤੇ ਰੋਕ ਲੱਗੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸੋਧ ਕਸੂਰਵਾਰ ਲੋਕਾਂ ਲਈ ਜੁਰਮਾਨੇ ਅਤੇ ਸਜ਼ਾ ਦੀ ਵਿਵਸਥਾ ਕਰਦੀ ਹੈ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਫੈਸਲੇ ਦਾ ਮਨੋਰਥ ਆਮ ਲੋਕਾਂ ਦੀ ਭਲਾਈ ਨੂੰ ਯਕੀਨੀ ਬਣਾਉਣਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਨਵੀਂ ਸੋਧ ਮੁਤਾਬਕ ਕੋਈ ਵੀ ਵਿਅਕਤੀ ਜਿਸ ਨੇ ਮਿਤੀ 31 ਜੁਲਾਈ, 2024 ਤੱਕ ਅਣ-ਅਧਿਕਾਰਤ ਕਲੋਨੀ ਵਿੱਚ ਸਥਿਤ 500 ਵਰਗ ਗਜ਼ ਤੱਕ ਦੇ ਖੇਤਰ ਲਈ, ਇੱਕ ਪਾਵਰ ਆਫ਼ ਅਟਾਰਨੀ, ਸਟੈਂਪ ਪੇਪਰ 'ਤੇ ਵੇਚਣ ਲਈ ਇਕਰਾਰਨਾਮਾ ਜਾਂ ਕੋਈ ਹੋਰ ਅਜਿਹਾ ਦਸਤਾਵੇਜ਼ ਜਿਸ ਨੂੰ ਸਰਕਾਰ ਨੋਟੀਫਿਕੇਸ਼ਨ ਦੁਆਰਾ ਨਿਰਧਾਰਤ ਕਰ ਸਕਦੀ ਹੈ, ਰਾਹੀਂ ਇਕਰਾਰਨਾਮਾ ਕੀਤਾ ਹੈ, ਉਸ ਰਕਬੇ ਲਈ ਐਨ.ਓ.ਸੀ. ਦੀ ਲੋੜ ਨਹੀਂ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਸ ਜਾਇਦਾਦ ਦਾ ਮਾਲਕ ਆਪਣੇ ਪਲਾਟ ਦੀ ਰਜਿਸਟਰੀ ਸਬੰਧਤ ਰਜਿਸਟਰਾਰ ਜਾਂ ਸਬ-ਰਜਿਸਟਰਾਰ ਜਾਂ ਸੰਯੁਕਤ ਸਬ-ਰਜਿਟਰਾਰ ਕੋਲ ਕਰਵਾ ਸਕਦਾ ਹੈ ਅਤੇ ਅਜਿਹੇ ਰਕਬੇ ਨੂੰ ਰਜਿਸਟਰ ਕਰਵਾਉਣ ਸਬੰਧੀ ਇਹ ਛੋਟ ਸਰਕਾਰ ਵੱਲੋਂ ਇਸ ਸਬੰਧੀ ਨੋਟੀਫਿਕੇਸ਼ਨ ਰਾਹੀਂ ਨੋਟੀਫਾਈ ਕੀਤੀ ਗਈ ਮਿਤੀ ਤੱਕ ਲਾਗੂ ਹੋਵੇਗੀ। ਇਸ ਰਜਿਸਟ੍ਰੇਸ਼ਨ ਲਈ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਦੀ ਸਬੰਧਤ ਵਿਕਾਸ ਅਥਾਰਟੀ ਜਾਂ ਸਥਾਨਕ ਸਰਕਾਰ ਵਿਭਾਗ ਦੀ ਸਬੰਧਤ ਸਥਾਨਕ ਸ਼ਹਿਰੀ ਸੰਸਥਾ ਤੋਂ ਐਨ.ਓ.ਸੀ. ਪ੍ਰਾਪਤ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਵਿਕਰੀ ਦਸਤਾਵੇਜ਼ ਦੀ ਸੂਚਨਾ ਰਜਿਸਟਰਾਰ ਜਾਂ ਸਬ-ਰਜਿਸਟਰਾਰ ਜਾਂ ਸੰਯੁਕਤ ਸਬ-ਰਜਿਸਟਰਾਰ ਵੱਲੋਂ ਸਬੰਧਤ ਅਥਾਰਟੀ ਨੂੰ ਮੁਹੱਈਆ ਕਰਵਾਈ ਜਾਵੇਗੀ। ਮੁੱਖ ਮੰਤਰੀ ਨੇ ਦੱਸਿਆ ਕਿ ਉਪਰੋਕਤ ਅਨੁਸਾਰ ਦਿੱਤੀ ਗਈ ਛੋਟ ਦੀ ਨੋਟੀਫਾਈ ਕੀਤੀ ਗਈ ਮਿਤੀ ਬੀਤ ਜਾਣ ਉਪਰੰਤ ਵੀ ਜੇਕਰ ਇਸ ਜਾਇਦਾਦ ਨੂੰ ਅੱਗੇ ਵੰਡਿਆ ਨਹੀਂ ਗਿਆ ਹੈ ਤਾਂ ਰਜਿਸਟਰਾਰ ਜਾਂ ਸਬ-ਰਜਿਸਟਰਾਰ ਜਾਂ ਸੰਯੁਕਤ ਸਬ-ਰਜਿਟਰਾਰ ਵੱਲੋਂ ਅਜਿਹੀ ਜਾਇਦਾਦ ਦੇ ਸਬੰਧ ਵਿੱਚ ਅਗਲੀਆਂ ਵਿਕਰੀ ਡੀਡਾਂ ਨੂੰ ਸਬੰਧਤ ਵਿਕਾਸ ਅਥਾਰਟੀਆਂ/ਸਥਾਨਕ ਸਰਕਾਰ ਦੀ ਸੂਚਨਾ ਹਿੱਤ ਰਜਿਸਟਰ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਐਕਟ ਅਧੀਨ ਰਜਿਸਟਰਡ ਕੋਈ ਵੀ ਵਿਅਕਤੀ ਜਾਂ ਪ੍ਰਮੋਟਰ ਜਾਂ ਉਸ ਦਾ ਏਜੰਟ ਅਤੇ ਕੋਈ ਵੀ ਹੋਰ ਪ੍ਰਮੋਟਰ, ਜੋ ਬਿਨਾਂ ਕਿਸੇ ਵਾਜਬ ਕਾਰਨ ਦੇ, ਐਕਟ ਦੀ ਧਾਰਾ-5 ਦੇ ਉਪਬੰਧਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿੰਦਾ ਹੈ ਜਾਂ ਉਲੰਘਣਾ ਕਰਦਾ ਹੈ ਤਾਂ ਦੋਸ਼ੀ ਪਾਏ ਜਾਣ 'ਤੇ ਉਸ ਨੂੰ ਘੱਟੋ-ਘੱਟ 25 ਲੱਖ ਰੁਪਏ ਜੁਰਮਾਨਾ ਹੋ ਸਕਦਾ ਹੈ ਜਿਸ ਨੂੰ ਪੰਜ ਕਰੋੜ ਰੁਪਏ ਤੱਕ ਵਧਾਇਆ ਜਾ ਸਕਦਾ ਹੈ। ਇਸ ਦੇ ਨਾਲ ਹੀ ਉਸ ਨੂੰ ਘੱਟੋ-ਘੱਟ ਪੰਜ ਸਾਲ ਦੀ ਕੈਦ ਦੀ ਸਜ਼ਾ ਦਿੱਤੀ ਜਾਵੇਗੀ ਜਿਸ ਨੂੰ ਦਸ ਸਾਲ ਤੱਕ ਵਧਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਗੈਰ-ਕਨੂੰਨੀ ਕਾਲੋਨਾਈਜ਼ਰਾਂ ਨੇ ਲੋਕਾਂ ਨੂੰ ਸਬਜ਼ਬਾਗ ਦਿਖਾ ਕੇ ਲੁੱਟ ਕੀਤੀ ਅਤੇ ਉਨ੍ਹਾਂ ਨੇ ਬਿਨਾਂ ਮਨਜ਼ੂਰੀ ਤੋਂ ਕਲੋਨੀਆਂ ਵੇਚ ਦਿੱਤੀਆਂ ਜਦਕਿ ਇਹ ਕਲੋਨੀਆਂ ਸਟਰੀਟ ਲਾਈਟਾਂ, ਸੀਵਰੇਜ ਅਤੇ ਹੋਰ ਬੁਨਿਆਦੀ ਸਹੂਲਤਾਂ ਤੋਂ ਸੱਖਣੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬੇਵੱਸ ਹੋਏ ਲੋਕ ਇਨ੍ਹਾਂ ਕਲੋਨੀਆਂ ਵਿੱਚ ਲੋੜੀਦੀਆਂ ਸਹੂਲਤਾਂ ਹਾਸਲ ਕਰਨ ਲਈ ਖੱਜਲ-ਖੁਆਰ ਹੁੰਦੇ ਹਨ।

## CM ਮਾਨ ਦਾ ਪੰਚਾਇਤੀ ਚੋਣਾਂ 'ਤੇ ਵੱਡਾ ਬਿਆਨ

### ਸਰਬਸੰਮਤੀ ਨਾਲ ਪੰਚਾਇਤ ਚੁਣਨ 'ਤੇ ਪਿੰਡ ਨੂੰ ਮਿਲਣਗੇ 5 ਲੱਖ ਰੁਪਏ

ਪੰਜਾਬ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਵਿੱਚ CM ਭਗਵੰਤ ਮਾਨ ਵੱਲੋਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਲੈ ਕੇ ਵੱਡਾ ਐਲਾਨ ਕੀਤਾ ਗਿਆ ਹੈ। CM ਮਾਨ ਨੇ ਐਲਾਨ ਕਰਦਿਆਂ ਕਿਹਾ ਕਿ ਸਰਬਸੰਮਤੀ ਨਾਲ ਪੰਚਾਇਤ ਚੁਣਨ ਵਾਲੇ ਪਿੰਡ ਨੂੰ 5 ਲੱਖ ਰੁਪਏ ਦਿੱਤੇ ਜਾਣਗੇ। ਇਸਦੇ ਨਾਲ ਹੀ ਇਨ੍ਹਾਂ ਪਿੰਡਾਂ ਨੂੰ ਸਕੂਲ, ਸਟੇਡੀਅਮ ਤੇ ਹਸਪਤਾਲ ਦੀ ਸਹੂਲਤ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਚਾਇਤਾਂ ਲੋਕਤੰਤਰ ਦੀ ਨੀਂਹ ਹਨ। ਜੇਕਰ ਪੰਚਾਇਤ ਚੰਗੀ ਹੈ ਤਾਂ ਪੂਰਾ ਪਿੰਡ ਤਰੱਕੀ ਕਰ ਜਾਂਦਾ ਹੈ। CM ਮਾਨ ਨੇ ਕਿਹਾ ਕਿ ਪੰਜਾਬ ਵਿੱਚ ਜਲਦੀ ਹੀ ਪੰਚਾਇਤੀ ਚੋਣਾਂ ਕਰਵਾਈਆਂ ਜਾਣਗੀਆਂ। ਇਹ ਚੋਣਾਂ ਕਿਸੇ ਵੀ ਸਿਆਸੀ ਪਾਰਟੀ ਦੇ ਨਿਸ਼ਾਨ 'ਤੇ ਨਹੀਂ ਲੜੀਆਂ ਜਾ ਸਕਦੀਆਂ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਪਿੰਡਾਂ ਦਾ ਸਰਪੰਚ ਪਾਰਟੀ ਦਾ ਨਹੀਂ ਸਗੋਂ ਪਿੰਡਾਂ ਦਾ ਹੋਵੇ। ਉਨ੍ਹਾਂ ਨੇ ਉੱਲੂ ਅਤੇ ਹੰਸ ਦੀ ਕਹਾਣੀ ਸੁਣਾ ਕੇ ਪੰਚਾਇਤੀ ਚੋਣਾਂ ਦੀ ਮਹੱਤਤਾ ਬਾਰੇ ਦੱਸਿਆ।

# ਬਾਘਾਪੁਰਾਣਾ-ਮੁੱਦਕੀ ਸੜਕ ਹਾਦਸੇ 'ਚ ਇੱਕੋ ਪਰਿਵਾਰ ਦੇ ਚਾਰ ਜੀਆਂ ਦੀ ਮੌਤ





ਬਾਘਾ ਪੁਰਾਣਾ : ਬੁੱਧਵਾਰ ਬਾਅਦ ਦੁਪਹਿਰ ਲਗਪਗ 1 ਵਜੇ ਦੇ ਕਰੀਬ ਬਾਘਾ ਪੁਰਾਣਾ-ਮੁੱਦਕੀ ਸੜਕ ਹਾਦਸੇ ਵਿਚ ਇਕੋ ਪਰਿਵਾਰ ਦੇ ਚਾਰ ਜੀਆਂ ਦੀ ਦਰਦਨਾਕ ਮੌਤ ਹੋਣ ਦਾ ਪਤਾ ਲੱਗਾ ਹੈ। ਇਸ ਹਾਦਸੇ ਵਿਚ ਛੋਟੇ ਬੱਚੇ ਸਮੇਤ ਸਾਰਾ ਪਰਿਵਾਰ ਮੌਤ ਦੇ ਮੂੰਹ ਵਿਚ ਚਲਾ ਗਿਆ। ਪ੍ਰਤੱਖਦਰਸ਼ੀਆਂ ਅਨੁਸਾਰ ਇਹ ਹਾਦਸਾ ਇੰਨਾ ਭਿਆਨਕ ਸੀ ਕਿ ਕਾਰ ਅਤੇ ਮੋਟਰਸਾਈਕਲ ਦੀ ਟੱਕਰ ਦੌਰਾਨ ਮੋਟਰਸਾਈਕਲ ਸੜ ਕੇ ਸੁਆਹ ਹੋ ਗਿਆ।

ਮੌਕੇ 'ਤੇ ਪੁੱਜੇ ਨੱਥੂਵਾਲਾ ਗਰਬੀ ਚੌਂਕੀ ਇੰਚਾਰਜ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਸੜਕ ਹਾਦਸੇ ਵਿਚ ਬਾਘਾ ਪੁਰਾਣਾ ਤੋਂ ਆ ਰਹੀ ਇਕ ਬਰੀਜਾ ਕਾਰ ਨੇ ਮੋਟਰਸਾਈਕਲ ਨੂੰ ਪਿੱਛੇ ਤੋ ਟੱਕਰ ਮਾਰ ਦਿੱਤੀ ਅਤੇ ਮੋਟਰਸਾਈਕਲ ਸਵਾਰ ਚਾਰ ਜਣਿਆਂ ਦੀ ਮੌਕੇ ਤੇ ਮੌਤ ਹੋ ਗਈ।

ਇਸ ਸਬੰਧੀ ਮ੍ਰਿਤਕ ਪਰਿਵਾਰ ਦੇ ਕਰੀਬੀ ਰਿਸ਼ਤੇਦਾਰ ਚਮਕੌਰ ਸਿੰਘ ਨੇ ਦੱਸਿਆ ਕਿ ਕਾਰ ਚਾਲਕ ਪਿੰਡ ਨੱਥੂਵਾਲਾ ਗਰਬੀ ਦਾ ਵਸਨੀਕ ਹੈ ਅਤੇ ਉਹ ਸ਼ਰਾਬੀ ਹਾਲਤ ਵਿਚ ਕਾਰ ਤੇ ਸਵਾਰ ਹੋਕੇ ਆ ਰਿਹਾ ਸੀ ਅਤੇ ਬੀਅਰ ਦੀਆਂ ਬੋਤਲਾਂ ਵੀ ਉਨ੍ਹਾਂ ਨੇ ਕਾਰ ਵਿਚ ਪਈਆਂ ਹੋਈਆਂ ਦੱਸਿਆ। ਉਨ੍ਹਾਂ ਦੱਸਿਆ ਕਿ ਧਰਮਪ੍ਰੀਤ ਸਿੰਘ ਪੁੱਤਰ ਆਤਮਾ ਸਿੰਘ ਅਤੇ ਉਸ ਦੀ ਪਤਨੀ ਕੁਲਦੀਪ ਕੌਰ ਅਤੇ ਦੋ ਛੋਟੇ ਬੱਚੇ ਕਾਲਾ ਸਿੰਘ (3 ਸਾਲ) ਦੀ ਮੌਕੇ 'ਤੇ ਮੌਤ ਹੋ ਗਈ ਅਤੇ ਗੁਰਸ਼ਰਨ ਸਿੰਘ (ਉਮਰ ਤਕਰੀਬਨ 2 ਮਹੀਨੇ) ਦੀ ਹਸਪਤਾਲ ਜਾਕੇ ਮੌਤ ਹੋ ਗਈ।

ਮ੍ਰਿਤਕ ਪਰਿਵਾਰ ਦੇ ਮੈਂਬਰ ਪਿੰਡ ਜੈਮਲਵਾਲਾ ਜ਼ਿਲ੍ਹਾ ਮੋਗਾ ਦੇ ਰਹਿਣ ਵਾਲੇ ਸਨ ਤੇ ਮੋਟਰਸਾਈਕਲ ਤੇ ਸਵਾਰ ਹੋਕੇ ਪਿੰਡ ਜੈਮਲਵਾਲਾ ਨੂੰ ਆ ਰਹੇ ਸਨ ਤੇ ਇੱਥੇ ਆਕੇ ਇਹ ਕਾਰ ਚਾਲਕ ਨੇ ਸਾਰੇ ਪਰਿਵਾਰ ਨੂੰ ਮਾਰ ਮੁਕਾਇਆ। ਇੰਨਾ ਦੀ ਮੌਤ ਹੋਣ ਤੋਂ ਬਾਅਦ ਪਰਿਵਾਰਕ ਮੈਂਬਰਾਂ ਤੇ ਹੋਰ ਰਿਸ਼ਤੇਦਾਰਾਂ ਨੇ ਨੈਸ਼ਨਲ ਹਾਈਵੇਅ ਜਾਮ ਕਰ ਦਿੱਤਾ ਤੇ ਕਹਿ ਰਹੇ ਸਨ ਕਿ ਸਾਨੂੰ ਇਨਸਾਫ ਮਿਲਣਾ ਚਾਹੀਦਾ ਹੈ, ਉਨ੍ਹਾਂ ਕਿਹਾ ਕਿ ਉਨਾ ਚਿਰ ਮ੍ਰਿਤਕ ਮੈਂਬਰਾਂ ਦਾ ਅੰਤਿਮ ਸੰਸਕਾਰ ਨਹੀਂ ਕੀਤਾ ਜਾਵੇਗਾ, ਜਿੰਨ੍ਹਾਂ ਚਿਰ ਦੋਸ਼ੀ ਵਿਅਕਤੀ 'ਤੇ ਕਾਰਵਾਈ ਨਹੀਂ ਕੀਤੀ ਜਾਂਦੀ। ਖ਼ਬਰ ਲਿਖੇ ਜਾਣ ਤੱਕ ਸੜਕ ਜਾਮ ਕਰਕੇ ਧਰਨਾ ਜਾਰੀ ਸੀ ਅਤੇ ਪੁਲਿਸ ਪ੍ਰਸ਼ਾਸਨ ਵੱਲੋ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਸੀ। ਐਕਸੀਡੈਂਟ ਇੰਨ੍ਹਾਂ ਭਿਆਨਕ ਸੀ ਅਤੇ ਮੋਟਰਸਾਈਕਲ ਸੜ ਕੇ ਸੁਆਹ ਹੋ ਗਿਆ ਅਤੇ ਕਾਰ ਦੂਰ ਖੇਤ ਵਿਚ ਜਾ ਕੇ ਡਿੱਗੀ।

# ਕੈਨੇਡਾ 'ਚ ਫਗਵਾੜਾ ਦੇ ਨੌਜਵਾਨ ਦੀ ਹਾਦਸੇ 'ਚ ਮੌਤ,

## ਮਾਪਿਆਂ ਦਾ ਸੀ ਇਕਲੌਤਾ ਪੁੱਤਰ



ਪੰਜਾਬੀ ਨੌਜਵਾਨ ਚੰਗੇ ਭਵਿੱਖ ਦੀ ਭਾਲ ਵਿੱਚ ਲਗਾਤਾਰ ਵਿਦੇਸ਼ਾਂ ਵਿੱਚ ਜਾ ਰਹੇ ਹਨ, ਇਸਦੇ ਨਾਲ ਹੀ ਇਹਨਾਂ ਨੌਜਵਾਨਾਂ ਨਾਲ ਵਿਦੇਸ਼ਾਂ ਦੀ ਧਰਤੀ ਤੇ ਇਹੋ ਜਿਹੇ ਹਾਦਸੇ ਵਾਪਰ ਰਹੇ ਹਨ, ਜਿੰਨ੍ਹਾਂ ਬਾਰੇ ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੋਵੇਗਾ। ਤਾਜ਼ਾ ਮਾਮਲਾ ਕੈਨੇਡਾ 'ਤੋਂ ਸਾਹਮਣੇ ਆਇਆ ਹੈ, ਜਿੱਥੇ ਪੰਜਾਬ ਦੇ ਨੌਜਵਾਨ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ ਹੈ। ਜਾਣਕਾਰੀ ਅਨੁਸਾਰ ਫਗਵਾੜਾ ਦੇ ਪ੍ਰੀਤ ਨਗਰ ਦਾ ਰਹਿਣ ਵਾਲਾ ਰਜਤ ਕੁਮਾਰ ਪੁੱਤਰ ਵਰਿੰਦਰ ਕੁਮਾਰ ਉਮਰ ਕਰੀਬ 26 ਸਾਲ ਪਿਛਲੇ ਪੰਜ ਸਾਲਾਂ ਤੋਂ ਕੈਨੇਡਾ ਦੇ ਬਰੈਮਪਟਨ ਦੀ ਧਰਤੀ ਤੇ ਆਪਣੇ ਚੰਗੇ ਭਵਿੱਖ ਲਈ ਮਿਹਨਤ ਕਰ ਰਿਹਾ ਸੀ। ਬੀਤੇ ਦਿਨੀ ਉਹ ਆਪਣੇ ਘਰ ਤੋਂ ਕਾਰ ਵਿੱਚ ਸਵਾਰ ਹੋ ਕੇ ਕੰਮ 'ਤੇ ਜਾ ਰਿਹਾ ਸੀ, ਇਸ ਦੌਰਾਨ ਰਸਤੇ ਵਿੱਚ ਇੱਕ ਟਰੱਕ ਨਾਲ ਉਸ ਦੀ ਜ਼ਬਰਦਸਤ ਟੱਕਰ ਹੋਣ ਕਾਰਨ ਮੌਕੇ ਤੇ ਹੀ ਮੌਤ ਹੋ ਗਈ। ਰਜਤ ਦੇ ਰਿਸ਼ਤੇਦਾਰ ਅਤੇ ਆਸ ਪਾਸ ਦੇ ਲੋਕਾਂ ਨੇ ਦੱਸਿਆ ਕਿ ਰਜਤ ਕੁਮਾਰ ਪੰਜ ਸਾਲ ਪਹਿਲਾਂ ਵਿਦੇਸ਼ ਗਿਆ ਸੀ। ਰਜਤ ਮਾਪਿਆਂ ਦਾ ਇਕਲੌਤਾ ਪੁੱਤਰ ਸੀ।

# ਕੰਗਨਾ ਰਣੌਤ ਨੂੰ ਲੈ ਕੇ ਕਾਂਗਰਸ ਦੇ ਇੱਕ ਮੰਤਰੀ ਦੀ ਫਿਸਲ ਗਈ ਜ਼ੁਬਾਨ





ਸ਼ਿਮਲਾ: ਬੀਜੇਪੀ ਸੰਸਦ ਕੰਗਨਾ ਰਣੌਤ ਨੂੰ ਲੈ ਕੇ ਕਾਂਗਰਸ ਦੇ ਇੱਕ ਮੰਤਰੀ ਦੀ ਜ਼ੁਬਾਨ ਫਿਸਲ ਗਈ ਹੈ। ਵਿਧਾਨ ਸਭਾ 'ਚ ਖੜ੍ਹੇ ਹੋ ਕੇ ਉਨ੍ਹਾਂ ਨੇ ਅਦਾਕਾਰਾ ਅਤੇ ਸੰਸਦ ਮੈਂਬਰ ਖਿਲਾਫ ਬਿਆਨ ਦਿੱਤਾ, ਜੋ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਹਿਮਾਚਲ ਦੀ ਕਾਂਗਰਸ ਸਰਕਾਰ ਦੇ ਕੈਬਨਿਟ ਮੰਤਰੀ ਅਤੇ ਕਿਨੌਰ ਜ਼ਿਲ੍ਹੇ ਦੇ ਵਿਧਾਇਕ ਜਗਤ ਨੇਗੀ ਨੇ ਕਿਹਾ ਕਿ ਕੰਗਨਾ ਹੜ੍ਹ ਪ੍ਰਭਾਵਿਤ ਖੇਤਰ 'ਚ ਨਹੀਂ ਆਈ ਕਿਉਂਕਿ ਜੇਕਰ ਮੇਕਅੱਪ ਖਰਾਬ ਹੋ ਜਾਂਦਾ ਤਾਂ ਪਤਾ ਹੀ ਨਹੀਂ ਚੱਲਣਾ ਸੀ ਕਿ ਉਹ ਕੰਗਨਾ ਸੀ ਜਾਂ ਕੰਗਨਾ ਦੀ ਮਾਂ।

ਮੰਤਰੀ ਨੇ ਸੰਸਦ ਮੈਂਬਰ ਵੱਲੋਂ ਹਿਮਾਚਲ ਪ੍ਰਦੇਸ਼ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਨਾ ਕਰਨ ਸਬੰਧੀ ਇਹ ਬਿਆਨ ਦਿੱਤਾ ਹੈ, ਜਦੋਂ ਕਿ ਕੰਗਣਾ ਦੇ ਸੰਸਦੀ ਹਲਕੇ ਵਿੱਚ ਬੱਦਲ ਫਟਣ ਦੇ ਹਾਦਸੇ ਵਿੱਚ 34 ਲੋਕਾਂ ਦੀ ਜਾਨ ਚਲੀ ਗਈ ਸੀ। ਮੰਡੀ ਵਿੱਚ 9 ਲੋਕਾਂ ਦੀ ਮੌਤ ਹੋ ਚੁੱਕੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਸੈਸ਼ਨ 'ਚ ਆਪਣੇ ਸੰਬੋਧਨ 'ਚ ਮੰਤਰੀ ਜਗਤ ਨੇਗੀ ਨੇ ਸੰਸਦ ਮੈਂਬਰ ਕੰਗਨਾ ਰਣੌਤ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਭਾਜਪਾ ਦੇ ਸੰਸਦ ਮੈਂਬਰ ਉਦੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਆਏ ਜਦੋਂ ਸਭ ਕੁਝ ਠੀਕ ਸੀ। ਵੈਸੇ ਵੀ ਉਹ ਬਰਸਾਤ ਦੇ ਦਿਨਾਂ ਵਿੱਚ ਨਹੀਂ ਆਉਂਦੇ। ਜੇਕਰ ਮੀਂਹ ਪੈ ਜਾਂਦਾ ਤਾਂ ਮੇਕਅੱਪ ਧੋਤਾ ਜਾਂਦਾ ਅਤੇ ਸੱਚਾਈ ਸਾਹਮਣੇ ਆ ਜਾਂਦੀ। ਫਿਰ ਇਹ ਨਹੀਂ ਪਤਾ ਕਿ ਉਹ ਕੰਗਨਾ ਹੈ ਜਾਂ ਕੰਗਨਾ ਦੀ ਮਾਂ।

# ਪੰਜਾਬ ਜ਼ਿਮਨੀ ਚੋਣਾਂ : ਅਕਾਲੀ ਦਲ ਨੇ ਚੋਣ ਪ੍ਰਚਾਰ ਇੰਚਾਰਜਾਂ ਦਾ ਕੀਤਾ ਐਲਾਨ



ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਗਿੱਦੜਬਾਹਾ ਹਲਕੇ ਦੇ ਇੰਚਾਰਜ ਤੇ ਸੀਨੀਅਰ ਆਗੂ ਹਰਮੀਤ ਸਿੰਘ ਡਿੰਪੀ ਢਿੱਲੋਂ ਦੇ ਪਾਰਟੀ ਛੱਡਣ ਤੋਂ ਬਾਅਦ ਹੁਣ ਬਾਦਲ ਪਰਿਵਾਰ ਨੇ ਹੀ ਹਲਕੇ ਦੀ ਕਮਾਨ ਸੰਭਾਲ ਲਈ ਹੈ। ਸਾਬਕਾ ਕੇਂਦਰੀ ਮੰਤਰੀ ਅਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੂੰ ਵਿਧਾਨ ਸਭਾ ਉਪ ਚੋਣਾਂ ਲਈ ਚੋਣ ਪ੍ਰਚਾਰ ਦੀ ਕਮਾਨ ਸੌਂਪੀ ਗਈ ਹੈ। ਇਸੇ ਤਰ੍ਹਾਂ ਹੀਰਾ ਸਿੰਘ ਗਾਬੜੀਆ ਨੂੰ ਬਰਨਾਲਾ ਸ਼ਹਿਰੀ ਅਤੇ ਇਕਬਾਲ ਸਿੰਘ ਝੂੰਦਾਂ ਨੂੰ ਬਰਨਾਲਾ ਦਿਹਾਤੀ ਲਈ ਮੁਹਿੰਮ ਇੰਚਾਰਜ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਇਹ ਹੁਕਮ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਦਿੱਤੇ ਹਨ। ਇਹ ਜਾਣਕਾਰੀ ਅਕਾਲੀ ਦਲ ਦੇ ਸੀਨੀਅਰ ਡਾ.ਦਲਜੀਤ ਸਿੰਘ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਪੋਸਟ ਕਰਕੇ ਦਿੱਤੀ ਹੈ।

PUNJAB STAR TV

ਪੰਜਾਬ ਸਟਾਰ ਟੀਵੀ

ਹੁਣ ਤੁਸੀਂ ਆਪਣੇ ਘਰ

IPTV ਤੇ ਵੀ ਦੇਖ ਸਕਦੇ ਹੋ

ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ

ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ

ਪੰਜਾਬ ਸਟਾਰ ਟੀਵੀ

ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ

ਲਖਵਿੰਦਰ ਸੰਧੂ 905-673-7666

NOW WIDELY AVAILABLE IN AMERICA & CANADA

For informatin call Lakhwinder Sandhu

905-673-7666

IPTV · Roku · eBaba Ent · webtv · YUPPTV · GET IT ON Google Play · Shava tv · Jadoo TV · Cruze tv · amazon fireTV

ਪੰਜਾਬ ਸਟਾਰ
www.punjabstar.com

# ਲੰਬੇ ਸਮੇਂ ਤੱਕ ਰਹਿਣਾ ਚਾਹੁੰਦੇ ਹੋ ਫਿੱਟ ਤੇ ਸਿਹਤਮੰਦ ਤਾਂ ਅਪਣਾਓ ਚੰਗੀਆਂ ਆਦਤਾਂ



ਸਿਹਤਮੰਦ ਰਹਿਣ ਲਈ ਸਹੀ ਸਮੇਂ 'ਤੇ ਖਾਣਾ ਬਹੁਤ ਜ਼ਰੂਰੀ ਹੈ। ਨਾਸ਼ਤਾ, ਦੁਪਹਿਰ ਦਾ ਖਾਣਾ ਤੇ ਰਾਤ ਦਾ ਖਾਣਾ ਸਾਨੂੰ ਸਿਹਤਮੰਦ (healthy) ਬਣਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਅਸੀਂ ਕੀ ਤੇ ਕਦੋਂ ਖਾਂਦੇ ਹਾਂ, ਇਸ ਦਾ ਸਾਡੀ ਸਿਹਤ 'ਤੇ ਡੂੰਘਾ ਅਸਰ ਪੈਂਦਾ ਹੈ। ਖਾਸ ਕਰਕੇ ਰਾਤ ਦੇ ਖਾਣੇ (Dinner) ਦਾ ਸਿਹਤ 'ਤੇ ਸਿੱਧਾ ਅਸਰ ਪੈਂਦਾ ਹੈ। ਤੁਸੀਂ ਰਾਤ ਦੇ ਖਾਣੇ ਤੋਂ ਬਾਅਦ ਕੀ ਕਰਦੇ ਹੋ, ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਹੈ ਕਿ ਤੁਸੀਂ ਕੀ ਖਾਂਦੇ ਹੋ। ਜੇ ਤੁਸੀਂ ਪੌਸ਼ਟਿਕ ਰਾਤ ਦਾ ਖਾਣਾ ਖਾਣ ਤੋਂ ਤੁਰੰਤ ਬਾਅਦ ਲੇਟ ਜਾਂਦੇ ਹੋ, ਤਾਂ ਇਸ ਨਾਲ ਤੁਹਾਡਾ ਭਾਰ ਘਟਾਉਣ ਦਾ ਸਫ਼ਰ ਵੀ ਮੁਸ਼ਕਿਲ ਹੋ ਜਾਵੇਗਾ।

ਇਸ ਤੋਂ ਇਲਾਵਾ ਕਈ ਹੋਰ ਸਮੱਸਿਆਵਾਂ ਵੀ ਸਕਦੀਆਂ ਹਨ। ਇਸ ਲਈ ਖਾਣੇ ਦੇ ਨਾਲ ਰਾਤ ਦੇ ਖਾਣੇ (Dinner) ਤੋਂ ਬਾਅਦ ਦੀਆਂ ਗਤੀਵਿਧੀਆਂ ਬਹੁਤ ਜ਼ਰੂਰੀ ਹਨ ਕਿਉਂਕਿ ਇਹ ਸਰੀਰ ਦੀ ਮੈਟਾਬੋਲਿਜ਼ਮ (Metabolism) ਅਤੇ ਪਾਚਨ ਸ਼ਕਤੀ (digestive power) ਨੂੰ ਵਧਾਉਂਦੀਆਂ ਹਨ, ਭਾਰ ਘਟਾਉਣ ਤੇ ਤੁਹਾਨੂੰ ਹਮੇਸ਼ਾ ਸਿਹਤਮੰਦ ਰਹਿਣ ਵਿਚ ਮਦਦ ਮਿਲਦੀ ਹੈ। ਜਾਣਦੇ ਹਾਂ ਕੁਝ ਅਜਿਹੀਆਂ ਆਦਤਾਂ (follow daily habits) ਬਾਰੇ, ਜੇ ਤੁਸੀਂ ਇਨ੍ਹਾਂ ਨੂੰ ਰਾਤ ਦੇ ਖਾਣੇ ਤੋਂ ਬਾਅਦ ਅਪਣਾਉਂਦੇ ਹੋ, ਤਾਂ ਤੁਸੀਂ ਹਮੇਸ਼ਾ ਸਿਹਤਮੰਦ ਰਹੋਗੇ।

**ਸੈਰ ਕਰੋ :-** ਰਾਤ ਦੇ ਖਾਣੇ ਤੋਂ ਬਾਅਦ ਘੱਟੋ-ਘੱਟ 10 ਮਿੰਟ ਸੈਰ ਕਰੋ। ਇਹ ਬਲੱਡ ਸਰਕੂਲੇਸ਼ਨ ਸਹੀ ਕਰਦੀ ਹੈ, ਪਾਚਨ ਸ਼ਕਤੀ ਵਧਾਉਂਦੀ ਹੈ, ਕੈਲੋਰੀ ਬਰਨ ਕਰਦੀ ਹੈ, ਇੰਸੁਲਿਨ ਦੇ ਪੱਧਰ ਨੂੰ ਘਟਾਉਂਦੀ ਹੈ, ਮੈਟਾਬੋਲਿਜ਼ਮ ਨੂੰ ਵਧਾਉਂਦੀ ਹੈ ਤੇ ਸਰੀਰ ਵਿਚ ਚਰਬੀ ਦੇ ਭੰਡਾਰ ਨੂੰ ਰੋਕਦੀ ਹੈ। ਇਸ ਨਾਲ ਬਲੋਟਿੰਗ ਦੀ ਸਮੱਸਿਆ ਵੀ ਦੂਰ ਹੁੰਦੀ ਹੈ। ਨਾਲ ਹੀ, ਆਪਣੇ ਅਜ਼ੀਜ਼ਾਂ ਨਾਲ ਸੈਰ ਕਰਨ ਨਾਲ ਦਿਨ ਦੀਆਂ ਚੀਜ਼ਾਂ ਸਾਂਝੀਆਂ ਕਰਨ ਵਿਚ ਮਦਦ ਮਿਲਦੀ ਹੈ, ਜਿਸ ਨਾਲ ਮਾਨਸਿਕ ਥਕਾਵਟ ਦੂਰ ਹੁੰਦੀ ਹੈ।

**ਕੋਸਾ ਪਾਣੀ ਪੀਓ:-** ਰਾਤ ਦੇ ਖਾਣੇ ਤੋਂ 30 ਮਿੰਟ ਬਾਅਦ ਕੋਸਾ ਪਾਣੀ ਪੀਓ। ਇਹ ਖਾਣੇ ਨੂੰ ਤੋੜਨ ਅਤੇ ਇਸ ਤੋਂ ਪੋਸ਼ਣ ਨੂੰ ਜਜ਼ਬ ਕਰਨ ਵਿਚ ਮਦਦ ਕਰਦਾ ਹੈ। ਇਸ ਕਾਰਨ ਪਾਚਨ ਕਿਰਿਆ ਸੁਚਾਰੂ ਢੰਗ ਨਾਲ ਚੱਲਦੀ ਹੈ।

**ਬੁਰਸ਼ ਕਰੋ:-** ਰਾਤ ਦੇ ਖਾਣੇ ਤੋਂ ਅੱਧੇ ਘੰਟੇ ਬਾਅਦ ਬੁਰਸ਼ ਕਰੋ ਅਤੇ ਉਸ ਤੋਂ ਬਾਅਦ ਕੁਝ ਨਾ ਖਾਓ। ਇਹ ਕੈਵਿਟੀ ਦੇ ਖ਼ਤਰੇ ਨੂੰ ਰੋਕਦਾ ਹੈ, ਪਲਾਕ ਦੂਰ ਹੁੰਦਾ ਹੈ ਅਤੇ ਓਰਲ ਹੈਲਥ ਚੰਗੀ ਹੁੰਦੀ ਹੈ।

**ਆਰਾਮਦਾਇਕ ਕੱਪੜੇ ਪਹਿਨੋ :-** ਸਾਫ਼-ਸੁਥਰੇ ਢਿੱਲੇ ਕੱਪੜੇ ਪਾਓ। ਪੇਟ 'ਤੇ ਤੰਗ ਕੱਪੜੇ ਐਸੀਡਿਟੀ ਜਾਂ ਦਿਲ ਦੀ ਜਲਣ ਦਾ ਕਾਰਨ ਬਣ ਸਕਦੇ ਹਨ ਅਤੇ ਸੌਣ ਵਿਚ ਵੀ ਅਸਹਿਜ ਹੋ ਸਕਦੇ ਹਨ। ਇਸ ਲਈ ਸਾਫ਼ ਤੇ ਢਿੱਲੇ ਕੱਪੜੇ ਪਹਿਨਣ ਨਾਲ ਸਰੀਰਕ ਤੇ ਮਾਨਸਿਕ ਤੌਰ 'ਤੇ ਸਰੀਰ ਨੂੰ ਰਾਹਤ ਮਿਲਦੀ ਹੈ।

**ਫਲਾਂ ਨੂੰ ਕਹੋ ਨਾਂਹ :-** ਕੁਝ ਲੋਕਾਂ ਨੂੰ ਲੱਗਦਾ ਹੈ ਕਿ ਫਲ ਹਰ ਹਾਲਤ 'ਚ ਸਿਹਤਮੰਦ ਹੁੰਦੇ ਹਨ ਪਰ ਸੱਚਾਈ ਇਹ ਹੈ ਕਿ ਰਾਤ ਦੇ ਖਾਣੇ ਤੋਂ ਬਾਅਦ ਫਲ ਨਹੀਂ ਖਾਣੇ ਚਾਹੀਦੇ। ਇਹ ਪਾਚਨ 'ਤੇ ਅਸਰ ਪਾਉਂਦੇ ਹਨ ਅਤੇ ਇਨ੍ਹਾਂ 'ਚ ਮੌਜੂਦ ਸ਼ੂਗਰ ਰਾਤ ਦੇ ਖਾਣੇ ਤੋਂ ਬਾਅਦ ਸ਼ੂਗਰ ਦਾ ਕਾਰਨ ਬਣ ਸਕਦੀ ਹੈ। ਰਾਤ ਦੇ ਖਾਣੇ ਤੋਂ ਬਾਅਦ ਫਲ ਖਾਣ ਨਾਲ ਸਰੀਰ ਇਸ ਨੂੰ ਸਹੀ ਤਰ੍ਹਾਂ ਹਜ਼ਮ ਨਹੀਂ ਕਰ ਪਾਉਂਦਾ।

# ਸਵੇਰੇ ਸਵੇਰੇ ਖਾਓਗੇ ਦੁੱਧ 'ਚ ਭਿਓ ਕੇ ਸੌਗੀ

ਜਦੋਂ ਵੀ ਸਿਹਤ ਦੀ ਗੱਲ ਆਉਂਦੀ ਹੈ ਤਾਂ ਬਜ਼ੁਰਗ ਸਭ ਤੋਂ ਪਹਿਲਾਂ ਡ੍ਰਾਈ ਫਰੂਟਸ ਖਾਣ ਦੀ ਸਲਾਹ ਦਿੰਦੇ ਹਨ। ਬਹੁਤ ਸਾਰੇ ਪੌਸ਼ਟਿਕ ਤੱਤਾਂ ਨਾਲ ਭਰਪੂਰ, ਡ੍ਰਾਈ ਫਰੂਟਸ ਹਮੇਸ਼ਾ ਸਿਹਤ ਲਈ ਫ਼ਾਇਦੇਮੰਦ ਸਾਬਤ ਹੋਏ ਹਨ। ਕਿਸ਼ਮਿਸ਼ ਇਨ੍ਹਾਂ 'ਚੋਂ ਇਕ ਹੈ, ਜਿਸ ਨੂੰ ਖਾਣ ਨਾਲ ਅਣਗਿਣਤ ਫ਼ਾਇਦੇ ਹੁੰਦੇ ਹਨ। ਇਸ ਨੂੰ ਕਿਸੇ ਵੀ ਰੂਪ 'ਚ ਖਾਣ ਨਾਲ ਕਈ ਸਮੱਸਿਆਵਾਂ ਤੋਂ ਰਾਹਤ ਮਿਲਦੀ ਹੈ। ਪਾਣੀ ਵਿੱਚ ਭਿਓਂ ਕੇ ਸੌਗੀ ਖਾਣ ਦੇ ਫ਼ਾਇਦੇ ਤਾਂ ਲਗਭਗ ਹਰ ਕੋਈ ਜਾਣਦਾ ਹੋਵੇਗਾ (Health Benefits of Soaked Raisins) ਪਰ ਕੀ ਤੁਸੀਂ ਦੁੱਧ ਵਿੱਚ ਭਿਓਂ ਕੇ ਸੌਗੀ ਖਾਣ ਦੇ ਫ਼ਾਇਦਿਆਂ ਬਾਰੇ ਸੁਣਿਆ ਹੈ।

ਰਾਤ ਭਰ ਦੁੱਧ ਵਿੱਚ ਭਿਓਂ ਕੇ ਸੌਗੀ ਖਾਣ ਨਾਲ ਪਾਚਨ ਕਿਰਿਆ ਵਿੱਚ ਸੁਧਾਰ ਹੁੰਦਾ ਹੈ, ਬਲੱਡ ਸ਼ੂਗਰ ਲੈਵਲ ਕੰਟਰੋਲ ਹੁੰਦਾ ਹੈ ਅਤੇ ਔਰਤਾਂ ਨੂੰ ਕਈ ਫ਼ਾਇਦੇ ਵੀ ਹੁੰਦੇ ਹਨ। ਆਓ ਅੱਜ ਇਸ ਲੇਖ ਵਿੱਚ ਜਾਣਦੇ ਹਾਂ ਕਿ ਦੁੱਧ ਵਿੱਚ ਭਿਓ ਕੇ ਸੌਗੀ ਖਾਣ ਦੇ ਕੁਝ ਫ਼ਾਇਦੇ-

**ਪਾਚਨ 'ਚ ਸੁਧਾਰ**

ਜੇ ਤੁਸੀਂ ਪਾਚਨ ਸੰਬੰਧੀ ਸਮੱਸਿਆਵਾਂ ਤੋਂ ਪਰੇਸ਼ਾਨ ਹੋ ਤਾਂ ਦੁੱਧ 'ਚ ਭਿਓ ਕੇ ਸੌਗੀ ਖਾਣਾ ਫ਼ਾਇਦੇਮੰਦ ਹੋ ਸਕਦਾ ਹੈ। ਸੌਗੀ ਵਿੱਚ ਘੁਲਣਸ਼ੀਲ ਤੇ ਅਘੁਲਣਸ਼ੀਲ ਦੋਵੇਂ ਫਾਈਬਰ ਮੌਜੂਦ ਹੁੰਦੇ ਹਨ। ਅਜਿਹੀ ਸਥਿਤੀ ਵਿੱਚ, ਇਸਨੂੰ ਦੁੱਧ ਵਿੱਚ ਮਿਲਾ ਕੇ ਪੀਣ ਨਾਲ ਅੰਤੜੀਆਂ ਦੀ ਗਤੀ ਵਿੱਚ ਸੁਧਾਰ ਹੁੰਦਾ ਹੈ ਅਤੇ ਕਬਜ਼ ਤੋਂ ਰਾਹਤ ਮਿਲਦੀ ਹੈ।

**ਦਿਲ ਨੂੰ ਸਿਹਤਮੰਦ ਰੱਖੋ**

ਦੁੱਧ ਵਿੱਚ ਭਿਓ ਕੇ ਸੌਗੀ ਖਾਣ ਨਾਲ ਵੀ ਤੁਹਾਡੇ ਦਿਲ ਦੀ ਸਿਹਤ ਵਿੱਚ ਸੁਧਾਰ ਹੋ ਸਕਦਾ ਹੈ। ਇਸ 'ਚ ਭਰਪੂਰ ਮਾਤਰਾ 'ਚ ਓਮੇਗਾ-3 ਫੈਟੀ ਐਸਿਡ ਅਤੇ ਐਂਟੀ-ਆਕਸੀਡੈਂਟ ਪਾਏ ਜਾਂਦੇ ਹਨ ਜੋ ਦਿਲ ਦੀ ਸਿਹਤ ਲਈ ਚਮਤਕਾਰ ਦੀ ਤਰ੍ਹਾਂ ਕੰਮ ਕਰਦੇ ਹਨ। ਇਸ ਤੋਂ ਇਲਾਵਾ, ਇਹ ਕੋਲੇਸਟ੍ਰੋਲ ਦੇ ਪੱਧਰ ਨੂੰ ਵੀ ਪ੍ਰਭਾਵਸ਼ਾਲੀ ਢੰਗ ਨਾਲ ਘਟਾਉਂਦਾ ਹੈ।

# ਹੈਲਦੀ ਲਾਈਫ ਲਈ ਲਵੋ: ਪੌਸ਼ਟਿਕ ਖ਼ੁਰਾਕ





**Anil Dheer**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

ਟਿਕਾਊ ਵਿਕਾਸ ਲਈ ਸੰਯੁਕਤ ਰਾਸ਼ਟਰ ਦੇ ਟੀਚਿਆਂ ਦਾ ਸਮਰਥਨ ਕਰਦੇ ਹੋਏ ਨਿਊਟ੍ਰੀਸ਼ਨ ਵੀਕ 2024 ਦਾ ਥੀਮ ਹੈ- "ਹਰੇਕ ਲਈ ਪੌਸ਼ਟਿਕ ਖ਼ੁਰਾਕ" ਵਰਕ-ਪਲੇਸ 'ਤੇ ਰੋਟੇਸ਼ਨ ਸ਼ਿਫਟਾਂ, ਬੇ-ਟਾਈਮ ਨੀਂਦ, ਖਾਣਾ ਅਤੇ ਜੰਕ-ਫੂਡ ਨੇ ਸਰੀਰਕ 'ਤੇ ਮਾਨਸਿਕ ਬਿਮਾਰੀਆਂ ਵਧਾ ਦਿੱਤੀਆਂ ਹਨ। ਪੋਸ਼ਟਿਕ ਭੋਜਨ ਦਾ ਵਿਗਿਆਨ ਅਤੇ ਸਿਹਤ ਨਾਲ ਖਾਸ ਸੰਬੰਧ ਹੈ ਕਿਉਂ ਕਿ ਭੋਜਨ, ਸਿਹਤ ਅਤੇ ਬਿਮਾਰੀ ਵਿਚ ਅਹਿਮ ਰੋਲ ਅਦਾ ਕਰਦਾ ਹੈ"- ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਹੈਲਥ ਅਜੂਕੇਟਰ ਅਵਾਰਡ, ਵਿਜੇਤਾ. ਸੋਸ਼ਲ ਐਕਟੀਵਿਸਟ

**ਹੈਲਥ ਮੀਡੀਆ ਕੈਨੇਡਾ :** 1-7 ਸਤੰਬਰ, 2024 ਰਾਸ਼ਟਰੀ ਪੋਸ਼ਣ ਮਹੀਨੇ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ। ਸਾਲ 2024 ਦਾ ਥੀਮ ਹੈ ਗਲੋਬਲ ਸਭਿਆਚਾਰਾਂ ਦੇ ਹੈਲਦੀ ਫੂਡ ਦਾ ਸੁਆਦ ਲੈ ਕੇ ਸਿਹਤਮੰਦ ਜ਼ਿੰਦਗੀ ਜੀਓ। ਕਮਿਊਨਿਟੀ, ਸਰਕਾਰੀ, ਗੈਰ-ਸਰਕਾਰੀ

ਪੱਧਰ 'ਤੇ ਅਵੇਅਰਨੈਸ ਪ੍ਰੋਗਰਾਮ ਦੁਆਰਾ ਪੋਸ਼ਟਿਕ ਖੁਰਾਕ ਲੈਣ, ਅਤੇ ਜੰਕ ਫੂਡ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਣ ਲਈ ਜਾਣਕਾਰੀ ਦਿੱਤੀ ਜਾ ਰਹੀ ਹੈ। ਹਰ ਉਮਰ ਵਿਚ ਖੁਰਾਕ, ਖਾਣ-ਪੀਣ ਦੀਆਂ ਆਦਤਾਂ ਸੁਧਾਰਣ 'ਤੇ ਜੋਰ ਦਿੱਤਾ ਜਾ ਰਿਹਾ ਹੈ। ਅੱਜ ਦੀ ਤੇਜ਼ ਰਫਤਾਰ ਜ਼ਿੰਦਗੀ ਨੇ ਇਨਸਾਨ ਦੇ ਖਾਣ-ਪੀਣ ਦਾ ਰੂਟੀਨ ਵਿਗਾੜ ਦਿੱਤਾ ਹੈ। ਪੌਸ਼ਟਿਕ ਭੋਜਨ ਸਰੀਰ 'ਤੇ ਮਨ ਦੀ ਪ੍ਰਕਿਰਿਆਵਾਂ ਨੂੰ ਨਿਯਮਿਤ ਕਰਨ ਲਈ ਅਨਰਜੀ ਪੈਦਾ ਕਰਦਾ ਹੈ। ਪੋਸ਼ਣ ਬਿਹਤਰ ਬੱਚਿਆਂ, ਸੁਰੱਖਿਅਤ ਗਰਭ ਅਤੇ ਗਰਭਵਤੀ ਔਰਤਾਂ ਦੀ ਸਿਹਤ, ਗੈਰ-ਸੰਚਾਰੀ ਰੋਗਾਂ ਦੇ ਖਤਰੇ ਨੂੰ ਘੱਟ ਕਰਦਾ ਹੈ। ਚੰਗੀ ਖੁਰਾਕ ਸਰੀਰ ਅੰਦਰ ਰੋਗਾਂ ਨਾਲ ਲੜਨ ਦੀ ਤਾਕਤ ਦੇ ਨਾਲ ਜ਼ਿੰਦਗੀ ਵਧਾ ਦਿੰਦੀ ਹੈ। ਬੱਚੇ ਦੇ ਜਨਮ ਤੋਂ ਪਹਿਲੇ ਛੇ ਮਹੀਨੇ ਸਤਨਪਾਨ (ਮਾਂ ਦਾ ਦੁੱਧ) ਜਰੂਰੀ ਹੈ ਕਿਉਂ ਕਿ ਸਤਨਪਾਨ ਬੱਚੇ ਦੇ ਆਮ ਰੋਗ ਦਸਤ, ਸਾਹ-ਨਲੀ ਦੀ ਲਾਗ, ਐਲਰਜੀ, ਮੋਟਾਪਾ, ਡਾਇਬਟੀਜ਼, ਵਗੈਰਾ ਦੇ ਖਤਰੇ ਨੂੰ ਘੱਟ ਕਰਕੇ ਲੰਬੀ ਜ਼ਿੰਦਗੀ ਲਈ ਰੋਗਾਂ ਨਾਲ ਲੜਨ ਦੀ ਤਾਕਤ ਵਧਾਉਂਦਾ ਹੈ ਅਤੇ ਮਾਂ ਨੂੰ ਛਾਤੀ ਦੇ ਕੈਂਸਰ ਤੋਂ ਬਚਾਉਂਦਾ ਹੈ।

ਤੰਦਰੁਸਤ ਮਨ-ਸਰੀਰ ਲਈ ਸਰੀਰ ਨੂੰ ਪੌਸ਼ਟਿਕ ਤੱਤ ਪ੍ਰੋਟੀਨ, ਫੈਟ, ਕਾਰਬੋਹਾਈਡ੍ਰੇਟਸ, ਵਿਟਾਮਿਨ ਅਤੇ ਮਿਨਰਲਜ਼ ਦੀ ਲੋੜ ਹੁੰਦੀ ਹੈ। ਹੈਲਦੀ ਲਾਈਫ ਲਈ ਐਫ.ਡੀ.ਏ ਦੀ ਅੱਪਡੇਟਿਡ ਜਾਣਕਾਰੀ ਅਨੁਸਾਰ ਡੇਲੀ ਕੈਲਸੀਅਮ-1300 ਮਿਲੀਗ੍ਰਾਮ, ਖੁਰਾਕੀ ਫਾਈਬਰ-28 ਐਮ.ਜੀ, ਫੈਟ-78 ਐਮ.ਜੀ, ਮੈਗਨੀਸੀਅਮ-420 ਐਮ.ਜੀ, ਮੈਂਗਨੀਜ਼-2.3 ਐਮ.ਜੀ, ਫਾਸਫੋਰਸ-1250 ਐਮ.ਜੀ, ਪੋਟਾਸੀਅਮ-4700 ਐਮ.ਜੀ, ਵਿਟਾਮਿਨ ਸੀ-90 ਐਮ.ਜੀ, ਵਿਟਾਮਿਨ ਡੀ-20 ਐਮਸੀਜੀ, ਵਿਟਾਮਿਨ ਕੇ-120 ਐਮਸੀਜੀ, ਵਿਟਾਮਿਨ ਏ-900 ਐਮਸੀਜੀ, ਵਿਟਾਮਿਨ ਬੀ 6-1.7 ਐਮਜੀ, ਵਿਟਾਮਿਨ ਬੀ 12-2.4 ਐਮਸੀਜੀ, ਵਿਟਾਮਿਨ ਈ- 15 ਐਮਜੀ ਐਲਫਾ-ਟੋਕੋਫੀਰੋਲ, ਜ਼ਿੰਕ-11 ਮਿਲੀਗ੍ਰਾਮ, ਸੋਡੀਅਮ-2300 ਐਮਜੀ, ਐਡਿਡ ਸੂਗਰ-50 ਗ੍ਰਾਮ ਦੱਸੀ ਗਈ ਹੈ।

**ਤੰਦਰੁਸਤ ਜ਼ਿੰਦਗੀ ਲਈ ਪੋਸ਼ਟਿਕ ਭੋਜਨ ਜਰੂਰੀ :**

ਪ੍ਰੈਗਨੈਂਸੀ ਦੌਰਾਣ ਮਾਂ ਅਤੇ ਗਰਭ ਨੂੰ ਚੰਗੇ ਪੋਸ਼ਣ ਦੀ ਲੋੜ ਹੁੰਦੀ ਹੈ। ਗਰਭਵਤੀ ਔਰਤਾਂ ਨੂੰ ਆਪਣੀ ਰੂਟੀਨ ਵਿਚ ਦੁੱਧ, ਪਨੀਰ , ਦਾਲਾਂ, ਸੋਇਆਬੀਨ, ਸਲਾਦ, ਹਰੀਆਂ ਸਬਜ਼ੀਆਂ, ਤਾਜ਼ੇ ਫੱਲ, ਫੱਲਾਂ ਦਾ ਰੱਸ, ਮਿਕਸ ਵੇਜ਼ਟਿਬਲ ਅਤੇ ਕਾਲੇ ਚਨੇ ਦਾ ਸੂਪ, ਨਿੰਬੂ ਪਾਣੀ, ਮੀਟ, ਅੰਡਾ, ਮੱਛੀ, ਨੂੰ ਸ਼ਾਮਿਲ ਕਰਨਾ ਚਾਹੀਦਾ ਹੈ। ਪ੍ਰੈਗਨੈਂਸੀ ਦੌਰਾਣ ਆਸਾਣੀ ਨਾਲ ਹਜ਼ਮ ਹੋਣ ਵਾਲੀ ਖੁਰਾਕ ਲੈਣੀ ਚਾਹੀਦੀ ਹੈ।



ਬੱਚੇ ਦੀ ਸਿਹਤ ਅਤੇ ਪੋਸ਼ਣ ਲਈ ਪਹਿਲੇ ਛੇ ਮਹੀਨੇ ਮਾਂ ਨੂੰ ਆਪਣਾ ਦੁੱਧ ਹੀ ਪਿਲਾਣਾ ਚਾਹੀਦਾ ਹੈ। ਮਾਂ ਦੇ ਦੁੱਧ ਵਿੱਚ ਮੌਜੂਦ ਕੋਲੋਸਟਰਮ, ਜੋ ਬੱਚੇ ਨੂੰ ਨੂੰ ਬਿਮਾਰੀਆਂ ਨਾਲ ਲੜਨ ਦੀ ਤਾਕਤ ਦਿੰਦਾ ਹੈ। ਬੱਚੇ ਦੀ ਵੱਧਦੀ ਉਮਰ ਦੇ ਨਾਲ-ਨਾਲ ਚਾਵਲ, ਉਬਲਿਆ ਆਲੂ, ਕੇਲਾ, ਅੰਡਾ, ਸੂਜ਼ੀ ਦੀ ਖੀਰ, ਸੀਰੀਅਲ ਅਤੇ ਹੈਲਦੀ ਸਨੈਕਸ ਸ਼ੁਰੂ ਕਰ ਦਿਓ।

ਨਾਸ਼ਤੇ ਵਾਲੇ ਸੀਰੀਅਲ ਵਿਚ ਨਟਸ ਯਾਨਿ ਬਾਦਾਮ, ਪੰਪਕਿਨ ਅਤੇ ਸਨਫਲਾਵਰ ਸੀਡਜ਼, ਅੰਦਰ ਲੋਡਿਡ ਵਿਟਾਮਿਨ ਈ, ਫਾਈਬਰ, ਮੈਗਨੀਸੀਅਮ, ਅਤੇ ਦਹੀਂ ਵਿੱਚ ਪੱਕਿਆ ਕੇਲਾ 'ਤੇ ਬੇਰੀਜ਼ ਮਿਕਸ ਕਰਕੇ ਇਸਤੇਮਾਲ ਕਰੋ। ਘੱਟ ਕੈਲੋਰੀ ਵਾਲੀ ਖੁਰਾਕ ਸੈਟ ਕਰੋ।

ਕੁਕਿੰਗ ਵਿਚ ਐਕਸਟਰਾ ਵਿਰਜ਼ਿਨ ਓਲਿਵ ਆਇਲ, ਹੋਲ-ਗ੍ਰੇਨ ਆਟਾ, ਬਰਾਊਨ ਚਾਵਲ, ਹੋਲ ਵੀਟ ਬ੍ਰੈਡ, ਧਨੀਆ, ਪੁਦੀਨਾ, ਲਸਣ, ਅਦਰਕ, ਕਾਲੀ ਮਿਰਚ, ਸੌਂਫ, ਛੋਟੀ-ਬੜੀ ਇਲਾਚੀ, ਐਪਲ ਸਾਈਡਰ ਵਿਨੇਗਰ, ਵਰਤੋਂ।

ਤੰਦਰੁਸਤ ਮਨ ਅਤੇ ਸਰੀਰ ਲਈ ਚੰਗੀ ਖ਼ੁਰਾਕ-ਨੀਂਦ ਦੇ ਨਾਲ-ਨਾਲ ਰੋਜ਼ਾਨਾ ਵਰਕ-ਆਉਟ, ਤੇਜ਼ ਸੈਰ, ਯੋਗਾ ਅਤੇ ਮੇਡੀਟੇਸ਼ਨ ਦੀ ਆਦਤ ਪਾ ਲਵੋ।

ਜੰਕ-ਫੂਡ ਜ਼ਿਆਦਾ ਸ਼ੂਗਰੀ ਡ੍ਰਿੰਕਸ, ਨਮਕ ਅਤੇ ਅਲਕੋਹਲ, ਅਤੇ ਡ੍ਰਗਜ਼ ਦੀ ਓਵਰਡੋਜ਼ ਤੋਂ ਹਮੇਸ਼ਾ ਬਚੋ। ਹਰਬਲ 'ਤੇ ਗ੍ਰੀਨ-ਟੀ, ਬਿਨਾ ਚੀਨੀ ਕਾੱਫੀ ਲੀ ਸਕਦੇ ਹੋ।

**ਨੋਟ:** ਬਿਮਾਰੀ ਦੀ ਹਾਲਤ ਵਿਚ, ਪ੍ਰੈਗਨੈਂਸੀ ਦੌਰਾਣ, ਲੰਬੀ ਉਮਰ,'ਤੇ ਬੱਚਿਆਂ ਲਈ ਕੋਈ ਵੀ ਸਪਲੀਮੈਂਟ ਸ਼ੁਰੂ ਕਰਨ ਤੋਂ ਪਹਿਲਾਂ ਡਾਈਟੀਸ਼ੀਅਨ ਅਤੇ ਫੈਮਿਲੀ ਡਾਕਟਰ ਦੀ ਸਲਾਹ ਜਰੂਰ ਲਵੋ।












ਪੰਜਾਬ ਸਟਾਰ
www.punjabstar.com

# ਹਾਰੀਂ ਨਾ ਮਲਵੈਣੇ ਗਿੱਧਾ ਹਾਰ ਗਿਆ



ਲੋਕ ਨਾਚ ਮਨ ਦੀ ਖ਼ੁਸ਼ੀ ਦਾ ਸਰੀਰਕ ਪ੍ਰਗਟਾਵਾ ਹੁੰਦਾ ਹੈ। ਇਕੱਲੇ ਮਨੁੱਖ ਦੀ ਖ਼ੁਸ਼ੀ ਵਿੱਚ ਸ਼ਾਮਿਲ ਹੋਣ ਲਈ ਜਦੋਂ ਉਸਦੇ ਦੂਸਰੇ ਸਾਥੀ ਉਸ ਨਾਲ ਰਲ਼ ਕੇ ਨੱਚਣ ਲੱਗ ਜਾਂਦੇ ਹਨ ਤਾਂ ਇਹ ਨਾਚ ਸਮੂਹਿਕ ਨਾਚ ਦਾ ਰੂਪ ਧਾਰ ਲੈਂਦਾ ਹੈ ਜਿਸ ਨੂੰ ਅਸੀਂ ਲੋਕ ਨਾਚ ਦਾ ਨਾਂ ਦੇ ਦਿੰਦੇ ਹਾਂ। ਰਾਗ ਅਤੇ ਤਾਲ ਦੇ ਸੁਮੇਲ ਨਾਲ ਮਨੁੱਖ ਨੱਚ ਉੱਠਦਾ ਹੈ। ਲੋਕ ਨਾਚ ਬਿਨਾਂ ਕਿਸੇ ਨਿਯਮਾ ਦੇ ਬੰਧਨ ਤੋਂ ਮੌਜ ਵਿੱਚ ਨੱਚਿਆ ਜਾਂਦਾ ਹੈ । ਇਸਨੂੰ ਸਿੱਖਣ ਲਈ ਕਿਸੇ ਖਾਸ ਉਸਤਾਦ ਦੀ ਲੋੜ ਨਹੀਂ ਪੈਂਦੀ । ਜਨ ਸਧਾਰਨ ਦੀ ਜ਼ਿੰਦਗੀ ਇਹਨਾਂ ਲੋਕ ਨਾਚਾਂ ਵਿੱਚ ਹੀ ਧੜਕਦੀ ਹੈ । ਇਹ ਲੋਕ ਨਾਚ ਸਾਡੇ ਸੱਭਿਆਚਾਰ , ਸਾਡੀ ਜੀਵਨ ਸ਼ੈਲੀ ਦਾ ਦਰਪਣ ਹਨ । ਇਸੇ ਲਈ ਤਾਂ ਆਖਦੇ ਹਨ ਕਿ –

ਨੱਚਣ ਵਾਲੀ ਦੀ ਅੱਡੀ ਨਾ ਰਹਿੰਦੀ
ਗਾਉਣ ਵਾਲੀ ਦਾ ਮੂੰਹ
ਨੀ ਬੋਲੀ ਮੈਂ ਪਾਵਾਂ
ਨੱਚ ਗਿੱਧੇ ਵਿੱਚ ਤੂੰ
ਨੀ ਬੋਲੀ ਮੈਂ ਪਾਵਾਂ ।

ਪੰਜਾਬ ਦੇ ਲੋਕ ਨਾਚ ਪੰਜਾਬੀ ਸੱਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਹਨ। ਇਹ ਪੰਜਾਬੀਆਂ ਦੇ ਜਨ – ਜੀਵਨ ਦਾ ਮਹੱਤਵਪੂਰਨ ਹਿੱਸਾ ਹਨ। ਗਿੱਧਾ, ਕਿੱਕਲੀ, ਸੰਮੀ, ਝੂੰਮਰ, ਭੰਗੜਾ, ਲੁੱਡੀ ਆਦਿ ਪੰਜਾਬੀਆਂ ਦੇ ਪ੍ਰਸਿੱਧ ਲੋਕ ਨਾਚ ਹਨ। ਗਿੱਧਾ ਪੰਜਾਬਣਾਂ ਦਾ ਸਿਰਮੌਰ ਇਸਤਰੀ ਲੋਕ ਨਾਚ ਹੈ। ਗਿੱਧੇ ਦੇ ਨੱਚਣ ਨੂੰ ਗਿੱਧਾ ਪਾਉਣਾ ਆਖਦੇ ਹਨ। ਗਿੱਧੇ ਨੇ ਪੰਜਾਬੀ ਵਿਰਸੇ ਨੂੰ ਇਕ ਵੱਖਰੀ ਪਹਿਚਾਣ ਦਿਵਾਈ ਹੈ । ਸਦੀਆਂ ਤੋਂ ਗਿੱਧੇ ਦੀ ਪੰਜਾਬੀ ਜੀਵਨ ਵਿੱਚ ਵਿਸ਼ੇਸ਼ ਥਾਂ ਹੈ । ਗਿੱਧਾ ਪਾਉਣ ਸਮੇਂ ਕੇਵਲ ਨੱਚਿਆ ਹੀ ਨਹੀਂ ਜਾਂਦਾ ਸਗੋਂ ਮਨ ਦੇ ਹਾਵ – ਭਾਵ ਪ੍ਰਗਟਾਉਣ ਲਈ ਨਾਲ਼ ਬੋਲੀਆਂ ਵੀ ਪਾਈਆਂ ਜਾਂਦੀਆਂ ਹਨ , ਜਿਨ੍ਹਾਂ ਨੂੰ ਗਿੱਧੇ ਦੀਆਂ ਬੋਲੀਆਂ ਆਖਦੇ ਹਨ । ਗਿੱਧੇ ਵਿੱਚ ਮੁਟਿਆਰਾਂ ਇਹਨਾਂ ਬੋਲੀਆਂ ਅਤੇ ਸਰੀਰਕ ਹਾਵਾਂ – ਭਾਵਾਂ ਰਾਹੀ ਆਪਣੇ ਦਿਲ ਦਾ ਗੁੱਭ – ਗੁਭਾੜ ਕੱਢਦੀਆਂ ਹਨ । ਗਿੱਧੇ ਦੀ ਸ਼ੁਰੂਆਤ ਕਰਨ ਸਮੇਂ ਮੁਟਿਆਰਾਂ ਇੱਕ ਦੂਸਰੇ ਨੂੰ ਪ੍ਰੇਰ ਕੇ ਨੱਚਣ ਲਈ ਕਹਿੰਦੀਆਂ ਹਨ ਜਿਵੇਂ –

ਕੇਰਾਂ ਹੂੰ ਕਰਕੇ ਕੇਰਾਂ ਹਾਂ ਕਰਕੇ
ਗੇੜਾ ਦੇ ਦੇ ਨੀਂ ਮੁਟਿਆਰੇ ਲੰਬੀ ਬਾਂਹ ਕਰਕੇ ।

ਗਿੱਧਾ ਅਸਲ ਵਿੱਚ ਤਾੜੀ ਨਾਚ ਹੈ। ਨੱਚਣ ਵਾਲੀਆਂ ਅਤੇ ਘੇਰੇ ਵਿੱਚ ਖੜੀਆਂ ਮੁਟਿਆਰਾਂ ਤਾੜੀ ਮਾਰਦੀਆਂ ਹਨ। ਤਾੜੀ ਦਾ ਵਹਾਅ ਬੋਲੀਆਂ ਤੇ ਟੱਪਿਆਂ ਦੇ ਨਾਲ–ਨਾਲ ਚੱਲਦਾ ਹੈ। ਟੱਪਿਆਂ ਅਤੇ ਬੋਲੀਆਂ ਵਿੱਚ ਉਚਾਰੇ ਗਏ ਭਾਵਾਂ ਨੂੰ ਨਾਚ ਮੁਦਰਾਵਾਂ ਰਾਹੀ ਪੇਸ਼ ਕੀਤਾ ਜਾਂਦਾ ਹੈ। ਗਿੱਧਾ ਪਾਉਣ ਵੇਲੇ ਮੁਟਿਆਰਾਂ ਇੱਕ ਗੋਲ ਦਾਇਰਾ ਬਣਾ ਕੇ ਖੜੋ ਜਾਂਦੀਆਂ ਹਨ । ਕਈ ਵਾਰ ਵਿਚਕਾਰ ਇੱਕ ਕੁੜੀ ਘੜਾ ਜਾਂ ਢੋਲਕੀ ਲੈ ਕੇ ਬੈਠ ਜਾਂਦੀ ਹੈ। ਖੜੋਤੀਆਂ ਕੁੜੀਆਂ ਆਪਣੇ ਹੱਥਾਂ ਨਾਲ ਇੱਕ ਤਾਲ ਤਾੜੀ ਮਾਰਦੀਆਂ ਹਨ, ਢੋਲਕ ਵੱਜਦੀ ਹੈ, ਖੜੋਤੀਆਂ ਕੁੜੀਆਂ ਵਿੱਚੋਂ ਇੱਕ ਜਣੀ ਆ ਕੇ ਬਾਂਹ ਉਲ੍ਹਾਰ ਕੇ ਬੋਲੀ ਪਾਉਂਦੀ ਹੈ ਜਦ ਉਹ ਬੋਲੀ ਦਾ ਅੰਤਿਮ ਟੱਪਾ, ਜਿਸਨੂੰ ਤੋੜਾ ਵੀ ਆਖਦੇ ਹਨ, ਬੋਲਦੀ ਹੈ ਤਾਂ ਪਿੜ ਵਿੱਚ ਖੜੋਤੀਆਂ ਮੁਟਿਆਰਾਂ ਉਸ ਟੱਪੇ ਨੂੰ ਉੱਚੀ – ਉੱਚੀ ਗਾਉਣ ਲੱਗ ਜਾਂਦੀਆਂ ਹਨ ਤੇ ਨਾਲ ਹੀ ਤਾੜੀਆਂ ਬਜਾ ਕੇ ਤਾਲ ਦਿੰਦੀਆਂ ਹਨ ਤੇ ਦਾਇਰੇ ਵਿੱਚੋਂ ਨਿਕਲ ਕੇ ਦੋ ਕੁੜੀਆਂ ਪਿੜ ਵਿੱਚ ਆ ਕੇ ਨੱਚਣ ਲੱਗ ਜਾਂਦੀਆਂ ਹਨ। ਗਿੱਧਾ ਉਦੋਂ ਪੂਰੇ ਜੋਬਨ 'ਤੇ ਹੁੰਦਾ ਹੈ ਜਦੋਂ ਬੋਲੀ ਦਾ ਆਖਰੀ ਟੱਪਾ ਮੁਟਿਆਰਾਂ ਰਲ਼ ਕੇ ਗਾਉਂਦੀਆਂ ਹਨ। ਪਿੜ ਦੇ ਬੋਲੀ ਛੱਡਣ ਤੇ ਹੀ ਕੁੜੀਆਂ ਨੱਚਣਾ ਬੰਦ ਕਰ ਉਹਨਾਂ ਨਾਲ ਆ ਰਲਦੀਆਂ ਹਨ। ਮੁੜ ਨਵੀਂ ਬੋਲੀ ਪਾਈ ਜਾਂਦੀ ਹੈ ਤੇ ਗਿੱਧਾ ਮੱਘਦਾ ਰਹਿੰਦਾ ਹੈ ।

ਬੱਗਾ ਕਬੂਤਰ ਅੱਖੀਆਂ ਸ਼ਰਬਤੀ
ਵਿੱਚ ਕਜਲੇ ਦਾ ਡੋਰਾ ਵੇ ਨਛੱਤਰਾ
ਨੱਚਦਾ ਜੋੜਾ–ਜੋੜਾ ਵੇ ਨਛੱਤਰਾ ।

ਗਿੱਧੇ ਲਈ ਕਿਸੇ ਖਾਸ ਸਟੇਜ ਦੀ ਜਰੂਰਤ ਨਹੀਂ ਹੁੰਦੀ। ਗਿੱਧੇ ਵਿੱਚ ਕੀਤੇ ਜਾਂਦੇ ਤਮਾਸ਼ੇ ਗਿੱਧੇ ਦੀ ਜਿੰਦ–ਜਾਨ ਹੁੰਦੇ ਹਨ। ਗਿੱਧਾ ਇਸਤਰੀ ਨਾਚ ਹੈ ਮਰਦ ਇਸਦਾ ਹਿੱਸਾ ਨਹੀਂ ਹੁੰਦੇ, ਇਸੇ ਲਈ ਗਿੱਧੇ ਦੇ ਪਿੜ ਵਿੱਚ ਮੁਟਿਆਰਾਂ ਨਿਸੰਗ ਹੋ ਕੇ ਆਪਣੇ ਦਿਲ ਦੇ ਅਰਮਾਨਾਂ ਨੂੰ ਪੂਰੇ ਕਰਦੀਆਂ ਹਨ । ਗਿੱਧਾ ਪਾਉਂਦੀਆਂ ਮੁਟਿਆਰਾਂ ਕਦੇ ਵੀ ਗਿੱਧੇ ਵਿੱਚ ਹਾਰ ਮੰਨਣ ਨੂੰ ਤਿਆਰ ਨਹੀਂ ਹੁੰਦੀਆਂ –

ਹਾਰੀਂ ਨਾ ਮਲਵੈਣੇ , ਗਿੱਧਾ ਹਾਰ ਗਿਆ

ਪੰਜਾਬਣਾਂ ਹਰ ਖ਼ੁਸ਼ੀ ਦੇ ਮੌਕੇ 'ਤੇ ਇਕੱਠੀਆਂ ਹੋ ਕੇ ਆਪਣਾ ਗਿੱਧਾ ਪਾਉਣ ਦਾ ਸ਼ੌਂਕ ਪੂਰਾ ਕਰ ਹੀ ਲੈਂਦੀਆਂ ਹਨ । ਬੱਚੇ ਦੇ ਜਨਮ ਦੀ ਖ਼ੁਸ਼ੀ , ਮੰਗਣਾ , ਵਿਆਹ, ਮੇਲੇ, ਤਿਉਹਾਰ, ਸਾਉਣ ਮਹੀਨੇ ਤੀਆਂ ਦਾ ਇਕੱਠ ਆਦਿ ਇਨ੍ਹਾਂ ਸਭ ਮੌਕਿਆਂ 'ਤੇ ਮੁਟਿਆਰਾਂ ਗਿੱਧੇ ਰਾਹੀਂ ਇਨ੍ਹਾਂ ਖੁਸ਼ੀਆਂ ਦੇ ਰੰਗ ਨੂੰ ਦੁਗਣਾ ਕਰ ਦਿੰਦੀਆਂ ਹਨ । ਕੋਈ ਵੀ ਖ਼ੁਸ਼ੀ ਗਿੱਧੇ ਬਿਨਾਂ ਪੂਰੀ ਹੀ ਨਹੀਂ ਹੁੰਦੀ। ਮੁਟਿਆਰਾਂ ਜਦ ਇਕੱਠੀਆਂ ਹੋ ਕੇ ਗਿੱਧੇ ਵਿੱਚ ਧਮਾਲ ਪਾਉਂਦੀਆਂ ਹਨ ਤਾਂ ਆਸਮਾਨੋ ਉਤਰੀਆਂ ਪਰੀਆਂ ਤੋਂ ਘੱਟ ਨਹੀਂ ਲੱਗਦੀਆਂ –

ਊਰੀ – ਊਰੀ – ਊਰੀ
ਇਹ ਦਿਨ ਸ਼ਗਨਾ ਦਾ
ਨੱਚ – ਨੱਚ ਹੋ ਜਾ ਦੂਹਰੀ
ਇਹ ਦਿਨ ਸ਼ਗਨਾ ਦਾ ।

ਗਿੱਧਾ ਪੰਜਾਬਣਾਂ ਦਾ ਇੱਕ ਅਜਿਹਾ ਲੋਕ ਨਾਚ ਹੈ ਜਿਸ ਨਾਲ ਸਬੰਧਿਤ ਹਜ਼ਾਰਾਂ ਬੋਲੀਆਂ ਉਪਲੱਬਧ ਹਨ । ਇਹ ਦੋ ਪ੍ਰਕਾਰ ਦੀਆਂ ਹਨ – ਲੰਬੀਆਂ ਬੋਲੀਆਂ ਅਤੇ ਇੱਕ ਲੜੀਆਂ ਬੋਲੀਆਂ। ਇੱਕ ਲੜੀਆਂ ਬੋਲੀਆਂ ਨੂੰ ਟੱਪੇ ਵੀ ਆਖਦੇ ਹਨ । ਇਹਨਾਂ ਬੋਲੀਆਂ ਵਿੱਚ ਪੰਜਾਬ ਦੀ ਨੱਚਦੀ , ਗਾਉਂਦੀ ਤੇ ਜੂਝਦੀ ਸੰਸਕ੍ਰਿਤੀ ਦੇ ਦਰਸ਼ਨ ਸੁੱਤੇ ਸਿੱਧ ਹੀ ਕੀਤੇ ਜਾ ਸਕਦੇ ਹਨ । ਜ਼ਿੰਦਗੀ ਦਾ ਸ਼ਾਇਦ ਹੀ ਅਜਿਹਾ ਕੋਈ ਪੱਖ ਹੋਵੇਗਾ ਜਿਸ ਨਾਲ ਸਬੰਧਿਤ ਬੋਲੀਆਂ ਨਾ ਮਿਲਦੀਆਂ ਹੋਣ। ਇਹ ਬੋਲੀਆਂ ਜਿੱਥੇ ਬਦਲ ਰਹੇ ਪੰਜਾਬੀ ਲੋਕ ਜੀਵਨ ਦੀਆਂ ਬਾਤਾਂ ਪਾਉਂਦੀਆਂ ਹਨ ਉੱਥੇ ਹੀ ਪੁਰਾਤਨ ਪੰਜਾਬੀ ਸੱਭਿਆਚਾਰ ਨੂੰ ਵੀ ਆਪਣੀ ਬੁੱਕਲ ਵਿੱਚ ਸਮੋਈ ਬੈਠੀਆਂ ਹਨ। ਗਿੱਧੇ ਦੀਆਂ ਬੋਲੀਆਂ ਵਿੱਚ ਹਰ ਰਿਸ਼ਤੇ ਦਾ ਜ਼ਿਕਰ ਹੁੰਦਾ ਹੈ। ਇਨ੍ਹਾਂ ਬੋਲੀਆਂ ਵਿੱਚ ਮਾਂ – ਧੀ ਦੇ ਆਪਸੀ ਪਿਆਰ ਦਾ ਝਲਕਾਰਾ ਵੀ ਵੇਖਣ ਨੂੰ ਮਿਲਦਾ ਹੈ ਜਿਵੇਂ –

ਡੋਈ – ਡੋਈ – ਡੋਈ ਕੁੜੀਉ
ਮਾਵਾਂ ਵਰਗਾ ਸਾਕ ਨਾ ਕੋਈ ਕੁੜੀਉ

ਅਤੇ ਨੂੰਹ–ਸੱਸ, ਨਣਦ–ਭਰਜਾਈ, ਦਿਉਰ–ਭਰਜਾਈ, ਜੇਠ–ਜਠਾਣੀ ਆਦਿ ਰਿਸ਼ਤਿਆਂ ਵਿੱਚਲੀ ਖੱਟੀ – ਮਿੱਠੀ ਨੋਕ – ਝੋਕ ਦਾ ਜ਼ਿਕਰ ਵੀ ਬਾਖ਼ੂਬੀ ਕੀਤਾ ਜਾਂਦਾ ਹੈ –

ਸੱਸ ਮੇਰੀ ਤਾਂ ਬੜੀ ਕੁਪੱਤੀ
ਬਿਨਾਂ ਗਾਲ੍ਹ ਨਾ ਬੋਲੇ
ਲੈ ਦੇ ਵੇ ਬਾਪੂ ਘੋਟਣਾ
ਮੈਂ ਸੱਸ ਕੁੱਟਣੀ
ਕੁੱਟਣੀ ਸੰਦੂਕਾਂ ਓਹਲੇ ।

ਗਿੱਧਾ ਪੰਜਾਬਣਾਂ ਦੇ ਰੋਮ–ਰੋਮ ਵਿੱਚ ਸਮਾ ਚੁੱਕਾ ਹੈ । ਤੀਆਂ ਦਾ ਗਿੱਧਾ ਇੱਕ ਅਜਿਹਾ ਪਿੜ ਹੈ ਜਿੱਥੇ ਮੁਟਿਆਰਾਂ ਆਪਣੇ ਦਿਲ ਦੀ ਭੜਾਸ ਕੱਢਦੀਆਂ ਹਨ । ਪਿੰਡੋਂ ਬਾਹਰ ਪਿੱਪਲਾਂ, ਬਰੋਟਿਆਂ 'ਤੇ ਕੁੜੀਆਂ ਪੀਂਘਾਂ ਝੂਟਦੀਆਂ ਹਨ ਤੇ ਨਾਲੇ ਗਿੱਧਾ ਪਾਉਂਦੀਆਂ ਹਨ। ਕੁਆਰੀਆਂ, ਵਿਆਹੀਆਂ ਅਤੇ ਪਿੰਡ ਦੀਆਂ ਪੇਕੀਂ ਨਾ ਗਈਆਂ ਮੁਟਿਆਰਾਂ ਵੀ ਇਸ ਵਿੱਚ ਸ਼ਾਮਿਲ ਹੁੰਦੀਆਂ ਹਨ। ਫੜੂਹਾ ਪਾਉਣ ਸਮੇਂ ਉਹ ਭਿੰਨ – ਭਿੰਨ ਸਾਂਗ ਕੱਢਦੀਆਂ ਹੋਈਆਂ ਸਮਾਂ ਬੰਨ੍ਹ ਦਿੰਦੀਆਂ ਹਨ । ਤੀਆਂ ਦੇ ਪਿੜ ਵਿੱਚ ਨਾ ਕੋਈ ਬੰਦਿਸ਼ ਹੁੰਦੀ ਹੈ ਤੇ ਨਾ ਹੀ ਕੋਈ ਰੋਕ – ਟੋਕ ਨਾ ਹੀ ਸੱਸ ਦਾ ਡਰ ਹੁੰਦਾ ਹੈ ਤੇ ਨਾ ਹੀ ਬਾਬੁਲ ਤੇ ਵੀਰ ਦੀ ਘੂਰੀ ਦਾ ਭੈਅ। ਮੁਟਿਆਰਾਂ ਨਿਸੰਗ ਹੋ ਕੇ ਆਪਣੇ ਦਿਲ ਦੇ ਅਰਮਾਨ ਪੂਰੇ ਕਰਦੀਆਂ ਹਨ। ਨਣਦਾਂ – ਭਰਜਾਈਆਂ ਜਦੋਂ ਇਕੱਠੀਆਂ ਹੋ ਕੇ ਗਿੱਧਾ ਪਾਉਂਦੀਆਂ ਹਨ ਤਾਂ ਵੇਖਣ ਵਾਲਾ ਅਸ਼ – ਅਸ਼ ਕਰ ਉੱਠਦਾ ਹੈ –

ਸਾਉਣ ਮਹੀਨਾ ਦਿਨ ਗਿੱਧੇ ਦੇ
ਕੁੜੀਆਂ ਰਲ ਕੇ ਆਈਆਂ
ਨੱਚਣ – ਟੱਪਣ – ਝੂਟਣ ਪੀਘਾਂ
ਵੱਡਿਆਂ ਘਰਾਂ ਦੀਆਂ ਜਾਈਆਂ
ਗਿੱਧਾ ਪਾ ਰਹੀਆਂ
ਨਣਦਾ ਤੇ ਭਰਜਾਈਆਂ ।

ਗਿੱਧੇ ਦੀਆਂ ਬੋਲੀਆਂ ਰਾਹੀਂ ਜਿੱਥੇ ਇੱਕ ਪਾਸੇ ਹਰ ਰਿਸ਼ਤੇ ਦੀ ਖ਼ੂਬਸੂਰਤੀ ਪੇਸ਼ ਕੀਤੀ ਜਾਂਦੀ ਹੈ ਉੱਥੇ ਹੀ ਬਹੁਤ ਸਾਰੀਆਂ ਮੱਤਾਂ – ਸੁਮੱਤਾਂ ਵੀ ਇਨ੍ਹਾਂ ਬੋਲੀਆਂ ਰਾਹੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਦਿੱਤੀਆਂ ਜਾਂਦੀਆਂ ਹਨ ਜਿਵੇਂ–

ਸੁਣ ਨੀ ਕੁੜੀਏ ਮਛਲੀ ਵਾਲੀਏ
ਮਛਲੀ ਨਾ ਚਮਕਾਈਏ
ਆਪਣੇ ਬਾਬੁਲ ਦੀ
ਪੱਗ ਨੂੰ ਦਾਗ ਨਾ ਲਾਈਏ ।

ਗਿੱਧੇ ਵਿੱਚ ਮੁਟਿਆਰਾਂ ਪ੍ਰਦੇਸੀ ਗਏ ਢੋਲ ਨੂੰ ਯਾਦ ਕਰਕੇ ਵੀ ਬੋਲੀਆਂ ਪਾਉਂਦੀਆਂ ਹਨ ਜਿਵੇਂ –

ਕਾਲਿਆ ਵੇ ਕਾਵਾਂ
ਤੇਰੀ ਚੁੰਝ ਸੋਨੇ 'ਚ ਮੜਾਵਾਂ
ਆਖੀਂ ਮੇਰੇ ਪ੍ਰਦੇਸੀ ਢੋਲ ਨੂੰ
ਨਿੱਤ ਮੈਂ ਔਸੀਆਂ ਪਾਵਾਂ ।

ਕਈ ਵਾਰ ਗਿੱਧੇ ਦੀਆਂ ਬੋਲੀਆਂ ਰਾਹੀਂ ਸਾਲ਼ੀ ਦੁਆਰਾ ਜੀਜੇ ਉੱਤੇ ਵੀ ਵਿਅੰਗ ਕੱਸਿਆ ਜਾਂਦਾ ਹੈ ਜਿਵੇਂ –

ਹੋਰਾਂ ਦੇ ਜੀਜੇ ਲੰਮ – ਸਲੰਮੇ
ਮੇਰਾ ਜੀਜਾ ਮੇਚਦਾ ਨੀਂ
ਜੀ. ਟੀ. ਰੋਡ ਤੇ ਪਕੌੜੇ ਵੇਚਦਾ ਨੀਂ
ਜੀ. ਟੀ. ਰੋਡ ਤੇ ਪਕੌੜੇ ਵੇਚਦਾ ਨੀਂ ।

ਇਸ ਤੋਂ ਇਲਾਵਾ ਗਿੱਧਾ ਪਾ ਰਹੀਆਂ ਮੁਟਿਆਰਾਂ ਦੁਆਰਾ ਪਿੰਡ ਦੇ ਛੜੇ ਵਿਅਕਤੀ ਨੂੰ ਵੀ ਨਹੀਂ ਬਖਸ਼ਿਆਂ ਜਾਂਦਾ ਅਤੇ ਉਸ ਉੱਤੇ ਵਿਸ਼ੇਸ਼ ਤੌਰ ਤੇ ਵਿਅੰਗ ਕੱਸਿਆ ਜਾਂਦਾ ਹੈ ।

ਬੋਲੀ ਪਾਈਏ ਤੇ ਕਰੀਏ ਨਾ ਗਿਟਮਿਟ ਨੀਂ
ਬੋਲੀ ਮਾਰੀਏ ਛੜੇ ਦੀ ਹਿੱਕ ਵਿੱਚ ਨੀਂ ।

ਪੁਰਾਤਨ ਸਮੇਂ ਤੋਂ ਹੀ ਰੁੱਖਾਂ ਨਾਲ ਪੰਜਾਬੀਆਂ ਦਾ ਪਿਆਰ ਰਿਹਾ ਹੈ। ਰੁੱਖ ਮਨੁੱਖ ਦੇ ਜੀਵਨ ਦਾਤੇ ਹਨ ਜੋ ਮਨੁੱਖ ਨੂੰ ਫੁੱਲ, ਫਲ, ਠੰਢੀਆਂ ਛਾਵਾਂ ਤੇ ਸਭ ਤੋਂ ਜ਼ਰੂਰੀ ਆਕਸੀਜਨ ਦਿੰਦੇ ਹਨ । ਗਿੱਧੇ ਦੀਆਂ ਬੋਲੀਆਂ ਵਿੱਚ ਪਿੱਪਲ, ਬੋਹੜ, ਕਿੱਕਰ, ਬੇਰੀਆਂ, ਨਿੰਮ, ਜੰਡ, ਕਰੀਰ, ਟਾਹਲੀ, ਅੰਬ, ਜਾਮਣਾਂ ਆਦਿ ਰੁੱਖ ਲਹਿਲਹਾਉਂਦੇ ਨਜ਼ਰੀਂ ਪੈਂਦੇ ਹਨ –

ਮੁੰਡਾ ਰੋਹੀ ਦੀ ਕਿੱਕਰ ਦਾ ਜਾਤੂ
ਵਿਆਹ ਕੇ ਲੈ ਗਿਆ ਤੂਤ ਦੀ ਛਟੀ ।

ਇਸੇ ਤਰ੍ਹਾਂ –

ਪਿੱਪਲਾਂ ਉੱਤੇ ਆਈਆਂ ਬਹਾਰਾਂ
ਬੋਹੜਾਂ ਨੂੰ ਲੱਗੀਆਂ ਗੋਹਲਾਂ
ਜੰਗ ਨੂੰ ਨਾ ਜਾ ਵੇ
ਦਿਲ ਦੇ ਬੋਲ ਮੈਂ ਬੋਲਾਂ ।

ਪੰਜਾਬ ਮੁੱਢ ਤੋਂ ਹੀ ਖੇਤੀ ਪ੍ਰਧਾਨ ਸੂਬਾ ਰਿਹਾ ਹੈ । ਖੇਤਾਂ ਵਿੱਚ ਲਹਿਲਹਾਉਂਦੀਆਂ ਫਉਮਪ;ਸਲਾਂ ਪੰਜਾਬ ਦੀ ਖੁਸ਼ਹਾਲੀ ਅਤੇ ਪੰਜਾਬੀਆਂ ਦੇ ਆਪਣੀ ਮਿੱਟੀ ਨਾਲ ਮੋਹ ਨੂੰ ਦਰਸਾਉਂਦੀਆਂ ਹਨ ਇਸੇ ਲਈ ਪੰਜਾਬੀ ਸਾਹਿਤ ਵਿੱਚ ਵੀ ਕਿਸਾਨੀ ਜੀਵਨ ਦਾ ਝਲਕਾਰਾ ਪੈਂਦਾ ਹੈ। ਕਣਕ, ਮੱਕੀ, ਕਪਾਹ, ਸਰ੍ਹੋਂ, ਬਾਜਰਾ, ਮੂੰਗੀ, ਅਲਸੀ ਆਦਿ ਦਾ ਜ਼ਿਕਰ ਸਾਡੀਆਂ ਲੋਕ ਬੋਲੀਆਂ ਵਿੱਚ ਅਕਸਰ ਦੇਖਣ ਨੂੰ ਮਿਲਦਾ ਹੈ –

ਬੱਗੀ ਬੱਗੀ ਕਣਕ ਦੇ
ਮੰਡੇ ਪਕਾਉਨੀ ਆਂ
ਛਾਵੇਂ ਬਹਿਕੇ ਖਾਵਾਂਗੇ
ਚਿੱਤ ਕਰੂ ਮੁਕਲਾਵੇ ਜਾਵਾਂਗੇ ।

ਇੱਕ ਸਮਾਂ ਅਜਿਹਾ ਸੀ ਜਦੋਂ ਗਿੱਧਾ ਪੰਜਾਬੀ ਸੱਭਿਆਚਾਰ ਦੀ ਜਿੰਦ– ਜਾਨ ਸੀ ਪਰ ਅੱਜ ਹਾਲਾਤ ਬਦਲ ਚੁੱਕੇ ਹਨ । ਅੱਜ ਗਿੱਧੇ ਦਾ ਰੂਪ ਬਦਲ ਗਿਆ ਹੈ। ਹੁਣ ਗਿੱਧਾ ਸਿਰਫਉਮਪ; ਸਕੂਲਾਂ , ਕਾਲਜਾਂ ਤੇ ਯੂਨੀਵਰਸਿਟੀਆਂ ਦੇ ਪ੍ਰੋਗਰਾਮਾ ਦਾ ਹੀ ਸ਼ਿੰਗਾਰ ਬਣ ਕੇ ਰਹਿ ਗਿਆ ਹੈ ਪਰੰਤੂ ਇਹ ਗਿੱਧਾ ਪੁਰਾਤਨ ਗਿੱਧੇ ਦਾ ਬਦਲ ਨਹੀਂ ਹੈ। ਹੁਣ ਨਾ ਤਾਂ ਉਹ ਮੁਟਿਆਰਾਂ ਰਹੀਆਂ ਤੇ ਨਾ ਹੀ ਗਿੱਧੇ ਲਈ ਉਨ੍ਹਾਂ ਅੰਦਰ ਉਹ ਜੋਸ਼। ਬੇਸ਼ੱਕ ਗਿੱਧੇ ਦਾ ਪੁਰਾਣਾ ਰੂਪ ਅੱਜ ਨਹੀਂ ਰਿਹਾ ਪਰ ਫਿਰ ਵੀ ਜਦੋਂ ਕਿਸੇ ਵੀ ਖ਼ੁਸ਼ੀ ਦੇ ਮੌਕੇ 'ਤੇ ਪੰਜਾਬਣਾਂ ਗਿੱਧਾ ਪਾਉਂਦੀਆਂ ਹਨ ਤਾਂ ਵੇਖਣ ਵਾਲੇ ਦੀ ਰੂਹ ਖਿੜ ਜਾਂਦੀ ਹੈ। ਅੱਜ ਲੋੜ ਹੈ ਪੰਜਾਬੀ ਸੱਭਿਆਚਾਰ ਦੇ ਇਸ ਅਮੁੱਲ ਖਜਾਨੇ ਨੂੰ ਸੰਭਾਲਣ ਦੀ ਅਤੇ ਆਉਣ ਵਾਲੀ ਪੀੜ੍ਹੀ ਨੂੰ ਇਸ ਲੋਕ ਨਾਚ ਦੇ ਮਹੱਤਵ ਤੋਂ ਜਾਣੂ ਕਰਵਾਉਣ ਦੀ।

ਮਾਲਵੇ ਦੀ ਜੱਟੀ ਵੇ ਮੈਂ ਗਿੱਧਿਆਂ ਦੀ ਰਾਣੀ
ਗਿੱਧਿਆਂ ਦੀ ਰਾਣੀ ਵੇ ਮੈਂ
ਚੰਨ ਜਿਹੀ ਹੂਰ
ਚੰਡੀਗੜ੍ਹ ਕੋਠੀ ਪਾ ਦੇ,
ਪਿੰਡਾਂ ਵਿੱਚ ਉੱਡਦੀ ਧੂੜ।



ਜਸਪ੍ਰੀਤ ਕੌਰ ਸੰਘਾ
ਹੁਸ਼ਿਆਰਪੁਰ।
99150 – 33176



ਭਾਗ–10

# ਤਸਵੀਰ ਜ਼ਿੰਦਗੀ ਦੀ...

ਤਸਵੀਰ ਜਿੰਦਗੀ ਦੀ
ਭਾਗ –10

ਵੀਰਪਾਲ ਦੇ ਘਰ ਅੰਦਰ ਵੜ੍ਹਦਿਆਂ ਸਾਰ ਹੀ ਨਾਨਕ, "ਮਾਂ ...ਮਾਂ..... ਇੱਕ ਗੱਲ ਸੁਣ ਮੇਰੀ..... ! "

"ਬੋਲ ਵੀ ਕੀ ਹੈ ਕਿ ਐਵੇਂ ਰੌਲਾ ਹੀ ਪਾਈ ਜਾਵੇਗਾ। "

"ਮੇਰੇ ਕੋਲ ਤੂੰ ਵੀ ਤਾਂ ਆ ਯਾਰ... ਪਹਿਲਾਂ.... ! "

"ਬੋਲ ਵੀ ... ਕੀ ਕਹਿੰਦਾ ਹੈ ? "

"ਇੱਥੇ ਬੈਠ ਤਾਂ ਸਹੀ ਪਹਿਲਾਂ...... ! "

"ਕੀ ਗੱਲ ਅੱਜ ਮਾਂ ਉੱਤੇ ਬਹੁਤ ਪਿਆਰ ਆ ਰਿਹਾ ਹੈ ......?"

"ਮੈਂ ਤਾਂ ਪਹਿਲਾਂ ਵੀ ਐਨਾ ਹੀ ਪਿਆਰ ਤੇ ਇੱਜ਼ਤ ਕਰਦਾ ਹਾਂ, ਬਸ ਤੂੰ ਤਾਂ ਐਵੇਂ ਹੀ...। "

"ਅੱਛਾ .....ਛੱਡ ਗੱਲਾਂ ਨੂੰ ਮੈਨੂੰ ਇਹ ਦੱਸ ਕਿ ਕਿਉਂ ਆਵਾਜ਼ਾਂ ਮਾਰੀ ਜਾਦਾਂ ਹੈ.... ? "

"ਉਹ ਤਾਂ ......ਮਾਂ ਅੱਜ ਟਰੈਕਟਰਾਂ ਦੀ ਕੰਪਨੀ ਵਾਲੇ ਆਏ ਸਨ। "ਉਸਨੇ ਸਾਰੀ ਗੱਲ ਮਾਂ ਨੂੰ ਸੁਣਾ ਦਿੱਤੀ।

"ਮਾਂ ਆਪਾਂ ਵੀ ਟਰੈਕਟਰ ਲੈ ਲੈਂਦੇ ਹਾਂ,ਮੁੜ ਸੋਸਾਇਟੀ ਵਾਲੇ ਦਾ ਕਿਰਾਇਆ ਭਰਨ ਦੀ ਵੀ ਲੋੜ ਨਹੀਂ ਪੈਣੀ। "

"ਪੁੱਤ ਪਹਿਲਾਂ ਹੀ ਮਸਾਂ ਪੰਦਰ੍ਹਾਂ ਲੱਖ ਰੁਪਏ ਹੀ ਬਚੇ ਹਨ ਬਾਕੀ ਸਾਰੇ ਖਰਚ ਹੋ ਗਏ ਹਨ, ਜੇ ਆ ਕਰਜ਼ਾ ਸਿਰ ਤੇ ਆ ਗਿਆ ਤਾਂ ਹੋਰ ਔਖਾ ਹੋ ਜਾਵੇਗਾ ,ਨਾਲੇ ਤੇਰੀਆਂ ਭੈਣਾਂ ਦੇ ਵਾਸਤੇ ਵੀ ਘਰ ਵੇਖਦੇ ਪਏ ਹਾਂ ਜੇ ਕੋਈ ਚੰਗਾ ਘਰ ਮਿਲ ਗਏ ਤਾਂ ਇਕਦਮ ਹੀ ਵਿਆਹ ਵੀ ਕਰਨੇ ਪੈ ਸਕਦੇ ਹਨ। ਤੂੰ ਆਪ ਹੀ ਦੱਸ ਫੇਰ ਪੈਸਿਆਂ ਦਾ ਇੰਤਜ਼ਾਮ ਕਿੱਥੋਂ ਕਰਾਂਗੇ। "

"ਮਾਂ ਫਸਲ ਦੇ ਪੈਸੇ ਵੀ ਆ ਜਾਣੇ ਹਨ ਜੇ ਹੋਰ ਲੋੜ ਪੈ ਗਈ ਤਾਂ ਬੈਂਕ ਦੀ ਲਿਮਟ ਚੁੱਕ ਲਵਾਂਗੇ। "

"ਵੇਖ ਨਾਨਕਾ ਫਸਲ ਦੇ ਪੈਸਿਆਂ ਨਾਲ ਤਾਂ ਸਾਰਾ ਸਾਲ ਘਰ ਦਾ ਖਰਚਾ ਵੀ ਚਲਾਉਣਾ ਹੈ। ਬਾਕੀ ਰਹੀ ਗੱਲ ਲਿਮਟ ਜੇ ਚੁੱਕੇਗਾ ਦਾ ਵਿਆਜ ਵੀ ਭਰਨਾ ਪੈਦਾ ਹੈ। "

"ਮਾਂ ਤੇਰਾ ਤੇ ਬਾਪੂ ਦਾ ਤਾਂ ਇੱਕੋ ਹੀ ਹਾਲ ਹੈ। ਦੋਵੇਂ ਹੀ ਦਲੀਲਾਂ ਤਾਂ ਇੰਝ ਦਿੰਦੇ ਹੋ ਜਿਵੇਂ ਵਕੀਲ ਲੱਗੇ ਹੁੰਦੇ ਹੋ...... ਬਾਪੂ ਕਹੂੰ ਮਾਂ ਨੂੰ ਪੁੱਛ ਲੈ ਤੇ ਮਾਂ ਲੱਗ ਜਾਉ ਗੱਲਾਂ ਸੁਨਾਉਣ..... ਅਜ ਤੱਕ ਕਦੇ ਵੀ ਮੇਰੀ ਕੋਈ ਗੱਲ ਮੰਨੀ ਹੈ. ..ਬਿਨਾਂ ਰੌਲਾ ਪਾਏ। "

"ਕੀ ਹੋ ਗਿਆ ਨਾਨਕਾ ਕਾਹਤੋਂ ਤਪਿਆ ਪਿਆ...... ? " ਸੀਤੋ ਨਾਨਕ ਨੂੰ ਪੁੱਛਣ ਲੱਗ ਪਈ।

"ਕੁਝ ਨਹੀਂ ਬੇਬੇ ਘਰ ਦੀ ਕੋਈ ਵੀ ਚੀਜ਼ ਬਨਾਉਣੀ ਹੋਵੇ ਸਹੀ...... ਬਸ ਚੱਲ ਪੈਣਗੇ ਦੋਵੇਂ ਭਾਸ਼ਣ ਦੇਣ। "

"ਵੇ ਤੂੰ, ਮੈਨੂੰ ਦੱਸ ਤਾਂ ਸਹੀ ਕੀ ਗੱਲ ਹੈ। "ਉਹ ਸਾਰੀ ਗੱਲ ਸੀਤੋ ਨੂੰ ਦੱਸ ਦਿੰਦਾ ਹੈ।

" ਵੇਖ ਲਾ ਪੁੱਤ ਜੇ .... !"ਸੀਤੋ ਦੀ ਗੱਲ ਪੂਰਾ ਹੋਣ ਤੋਂ ਪਹਿਲਾਂ ਵਿਚਾਲੇ ਹੀ ਨਾਨਕ ਬੋਲ ਪੈਦਾ ਹੈ।

"ਹੁਣ ਤੂੰ ਵੀ ਨਾਲ ਨਾ ਲੱਗ ਜਾਵੀਂ ਬੇਬੇ........ ਚੱਲ ਇੰਝ ਕਰ ਮਾਂ ਨੂੰ ਕਹਿ ਦੇ ਮੈਨੂੰ ਉਧਾਰੇ ਪੈਸੇ ਦੇ ਦੇਵੇ। ਮੈਂ ਫਸਲ ਵੇਚ ਕੇ ਮਾਂ ਦੇ ਪੈਸੇ ਪੂਰੇ ਕਰ ਦੇਵਾਂਗਾ। "

" ਨਾਨਕਾ ਤੇਰੇ ਤੇ ਮੇਰੇ ਪੈਸੇ ਕੋਈ ਦੋ ਨਹੀਂ ਹਨ ,ਇੱਕ ਹੀ ਹਨ। ਮੈਂ ਤਾਂ ਇੱਕ ਗੱਲ ਜਾਣਦੀ ਹਾਂ ਚੱਦਰ ਵੇਖ ਕੇ ਹੀ ਪੈਰ ਪਸਾਰਨੇ ਚਾਹੀਦੇ ਹ ਨ , ਪੁੱਤ। ਆ



ਜਿਹੜਾ ਤੂੰ ਕਹਿੰਦਾ ਹੈ ਨਾ ਕਰਜ਼ਾ... ਇਹ ਤਾਂ ਇੱਕ ਉਹ ਚੱਕਰ ਹੈ ਜਿਸ ਵਿੱਚ ਜਾਣ ਦਾ ਰਸਤਾ ਹੈ ਪਰ ਮੁੜਕੇ ਬੰਦਾ ਉਸੇ ਵਿੱਚ ਹੀ ਉਲਝੀ ਜਾਂਦਾ ਹੈ। ਬਾਹਰ ਨਹੀਂ ਨਿਕਲ ਸਕਦਾ.... ਨਾਲੇ ਤੂੰ ਵਾਹਿਗੁਰੂ ਦਾ ਹਰ ਵੇਲੇ ਸ਼ੁਕਰਾਨਾ ਕਰਿਆ ਕਰ ਜਿਹਨੇ ਤੇਰੇ ਤੇ ਕਿਰਪਾ ਕੀਤੀ ਹੈ। "

"ਹੁਣ ਮੈਨੂੰ ਉਪਦੇਸ਼ ਨਾ ਦੇ ਮੈਂ ਤਾਂ ਉਹਨਾਂ ਨੂੰ ਹਾਂ ਕਰੀਂ ਬੈਠਾ ਹਾਂ.... ਟਰੈਕਟਰ ਖਰੀਦ ਲੈਣ ਦੇ ਫੇਰ ਹੋਰ ਕੋਈ ਵੀ ਖਰਚਾ ਤੇਰੇ ਪੁੱਛੇ ਬਿਨਾਂ ਨਹੀ ਕਰਦਾ ਭਾਵੇਂ ਸਹੁੰ ਚੁਕਾ ਲੈ। "

" ਪੁੱਤ ਅਸੀਂ ਤੇਰੇ ਵਾਸਤੇ ਕਦੇ ਵੀ ਮਾੜਾ ਨਹੀਂ ਸੋਚਦੇ ਨਾਲੇ ਮੈਂ ਨਹੀਂ ਚਾਹੁੰਦੀ ਤੇਰੀ ਉਮਰ ਵੀ ਤੇਰੇ ਪਿਉ ਦਾਦੇ ਦੇ ਵਾਗੂੰ ਕਰਜ਼ੇ ਹੇਠ ਹੀ ਨਿਕਲੇ ਹੁਣ ਮਸੀਂ ਹੀ ਸੁੱਖ ਦਾ ਸਾਹ ਆਇਆ ਹੈ ਤਾਂ ਆਰਾਮ ਨਾਲ ਜਿੰਦਗੀ ਬਸਰ ਕਰ... ਐਵੇਂ ਲੋਕਾਂ ਨੂੰ ਵੇਖ –ਵੇਖ ਪੈਰ ਨਾ ਛੱਡ..... । "

" ਬੇਬੇ ਸੁਣਦੀ ਹੈ..... ਮੈਂ ਦੱਸ ਕਿਸਨੂੰ ਵੇਖ ਕੇ ਪੈਰ ਛੱਡ ਰਿਹਾਂ ਹਾਂ। ਜੇਕਰ ਘਰ ਦੀ ਚੀਜ ਬਨਾਉਣਾ ਮਾੜੀ ਗੱਲ ਹੈ ਤਾਂ ਮਾੜੀ ਹੀ ਸਹੀ, ਹੁਣ ਤੂੰ ਹੀ ਸਮਝਾ ਇਹਨਾਂ ਨੂੰ...... ਅੱਗੇ ਦੀ ਸੋਚਿਆਂ ਕਰੋ ਅੱਗੇ ਦੀ.. ! "

"ਪੁੱਤ ਅੱਗੇ ਦੀ ਹੀ ਸੋਚ ਰਹੇ ਹਾਂ ਤਾਹੀਓ ਤਾਂ ਸਮਝਾ ਰਹੇ ਹਾਂ। ਤੇਰੀ ਤਾਂ ਉਮਰ ਅਠਾਰਾਂ ਸਾਲਾਂ ਦੀ ਹੈ ਤੇ ਮੇਰਾ ਚਾਲੀ ਸਾਲਾਂ ਦਾ ਤਜਰਬਾ ਹੈ। "ਚੰਨਣ ਆਖਣ ਲੱਗਾ।

"ਤੂੰ ਸਾਡਾ ਪਿਉ ਨਹੀਂ ਬਲਕਿ ਮੈਂ ਤੇਰੀ ਮਾਂ ਹਾਂ.. ਤੇਰੇ ਚੰਗੇ ਲਈ ਹੀ ਕਹਿੰਦੇ ਹਾਂ। "ਵੀਰਪਾਲ ਗੁੱਸੇ ਵਿੱਚ ਬੋਲੀ।

"ਬਾਪੂ ਇੱਕ ਗੱਲ ਮੰਨ ਜਾਂ ਫੇਰ ਕਦੇ ਵੀ ਕੁਝ ਨਹੀਂ ਮੰਗਦਾ..... ਮੈਂ ਤਾਂ ਲੋਕਾਂ ਨੂੰ ਵੀ ਦੱਸੀ ਬੈਠਾ ਹਾਂ ....ਜੇ ਨਾ ਲਿਆ ਟਰੈਕਟਰ ਤਾਂ ਸਾਰੇ ਪਿੰਡ ਵਿੱਚ ਬੇਇੱਜਤੀ ਹੋ ਜਾਣੀ ਹੈ ਮੇਰੀ... .... ! "

"ਮੰਨ ਜਾਉ ਤੁਸੀਂ ਹੀ, ਜੇ ਕਹਿੰਦਾ ਹੈ ਤਾਂ.... ਇਹ ਕਿਹੜਾ ਸੱਟਾ ਲਾਉਣ ਨੂੰ ਕਹਿੰਦਾ ਹੈ ਟਰੈਕਟਰ ਲੈਣ ਨੂੰ ਹੀ ਕਹਿੰਦਾ ਹੈ.... ਚਲੋ ਮੰਨ ਜਾਵੋ.... ਨਾਲੇ ਵੇਖ ਨਾਨਕਾ ਅੱਗੇ ਤੋ ਨਹੀਂ ਮੈਂ ਤੇਰੀ ਕਿਸੇ ਵੀ ਗੱਲ ਵਿੱਚ ਆਉਣਾ..... ਕੋਈ ਵੀ ਗੱਲ ਕਰਨ ਤੋਂ ਪਹਿਲਾਂ ਆਪਣੇ ਬਾਪੂ ਤੇ ਮਾਂ ਨਾਲ ਸਲਾਹ ਕਰ ਲਿਆ ਕਰ... .... ਆ ਗਈ ਨਾ ਮੇਰੀ ਗੱਲ ਸਮਝ ਵਿੱਚ ਤੇਰੇ...... !"

"ਹਾਂ ਬੇਬੇ ਹਾਂ ਅਗਾਹ ਤੋਂ ਬਿਲਕੁਲ ਵੀ ਤੈਨੂੰ ਜਾਂ ਕਿਸੇ ਨੂੰ ਵੀ ਸ਼ਿਕਾਇਤ ਦਾ ਮੌਕਾ ਨਹੀਂ ਦੇਵਾਂਗਾ। ਹੁਣ ਕੱਲ੍ਹ ਟਰੈਕਟਰ ਲੈ ਆਵਾਂ ਫੇਰ ਮੈਂ... ! "

" ਕੱਲ੍ਹ ਨਾਨਕਾ ਗੁਰਨਾਮ ਨੂੰ ਵੀ ਨਾਲ ਲੈ ਜਾਵੀਂ ਸਿਆਣੇ ਦੀ ਮੱਤ ਸਿਆਣੀ ਹੀ ਹੁੰਦੀ ਹੈ ਤੇ ਨਿਆਣਿਆਂ ਦੀ ਮੱਤ ਨਿਆਣੀ ਹੀ। "ਚੰਨਣ ਸਮਝਾਉਣ ਲੱਗ ਗਿਆ।

"ਠੀਕ ਹੈ ਬਾਪੂ ਬਿਲਕੁਲ ਠੀਕ ਮੈਂ ਗੁਰਨਾਮ ਤਾਏ ਨੂੰ ਨਾਲ ਲੈਕੇ ਹੀ ਜਾਵਾਂਗਾ। "

"ਚੱਲ ਰਾਣੀ ਤੂੰ ਰੋਟੀ ਟੁੱਕ ਦਾ ਕਰ ਲੈ ਮੈਂ ਅੰਦਰ ਪੈਸੇ ਗਿਣਕੇ ਰੱਖਦੀ ਹਾਂ ,ਨਹੀਂ ਤਾਂ ਸਵੇਰੇ ਹੀ ਕਾਹਲੀ ਮਚਾ ਦੇਣੀ ਹੈ ਨਾਨਕ ਨੇ। "

" ਠੀਕ ਹੈ ਮਾਂ... ਜਿਵੇਂ ਤੈਨੂੰ ਠੀਕ ਲੱਗੇ। "

ਦੋਵੇਂ ਹੀ ਵੀਰਪਾਲ ਤੇ ਰਾਣੋ ਅੰਦਰ ਚਲੀਆਂ ਜਾਦੀਆਂ ਹਨ ਰਾਣੋ ਰਸੋਈ ਵਿੱਚ ਤੇ ਵੀਰਪਾਲ ਸਟੋਰ ਵਿੱਚ.... !

ਚੱਲਦਾ......



ਸੰਦੀਪ ਦਿਉੜਾ,
84375–56667

# ਫਿਲਮ ਸਟਾਰ ਰੇਖਾ ਵਾਂਗ ਹਮੇਸ਼ਾਂ ਜਵਾਨ ਰਹਿਣ ਵਾਲੇ ਇਨਸਾਨ !



ਦੁਨੀਆਂ ਵਿੱਚ ਤਰ੍ਹਾਂ–ਤਰ੍ਹਾਂ ਦੇ ਲੋਕ ਮਿਲਦੇ ਹਨ। ਫਿਕਰਾਂ ਦੇ ਮਾਰੇ ਕਈ ਬੰਦੇ ਤੇ ਜਨਾਨੀਆਂ ਭਰ ਜਵਾਨੀ ਵਿੱਚ ਹੀ ਬੁੱਢੇ ਲੱਗਣ ਲੱਗ ਜਾਂਦੇ ਹਨ ਤੇ ਕਈ 50–60 ਸਾਲ ਦੇ ਹੋ ਕੇ ਵੀ ਨੌਜਵਾਨ ਦਿਖਦੇ ਹਨ। 2002 – 2003 ਦੀ ਗੱਲ ਹੈ ਕਿ ਮੈਂ ਬਤੌਰ ਡੀ.ਐਸ.ਪੀ. ਮਜੀਠਾ ਸਬ ਡਵੀਜ਼ਨ ਵਿਖੇ ਤਾਇਨਾਤ ਸੀ। ਇੱਕ ਦਿਨ ਭਰੋਸੇ ਯੋਗ ਮੁਖਬਰ ਨੇ ਖ਼ਬਰ ਦਿੱਤੀ ਕਿ ਕਲ੍ਹ ਨੂੰ ਥਾਣੇ ਝੰਡੇਰ ਦੇ ਫਲਾਣੇ ਪਿੰਡ ਵਿੱਚ ਕਿਸੇ ਬੰਦੇ ਦਾ ਮੁੱਲ ਦੀ ਤੀਵੀਂ ਨਾਲ ਧੱਕੇ ਨਾਲ ਵਿਆਹ ਕੀਤਾ ਜਾ ਰਿਹਾ ਹੈ। ਮੈਂ ਪੁਲਿਸ ਪਾਰਟੀ ਭੇਜ ਕੇ ਲੜਕੇ ਅਤੇ ਲੜਕੀ ਨੂੰ ਬੁਲਾ ਲਿਆ। ਲੜਕੇ ਦੀ ਸੱਜੀ ਬਾਂਹ ਬਚਪਨ ਵਿੱਚ ਹੀ ਪੱਠੇ ਕੁਤਰਦੇ ਸਮੇਂ ਟੋਕੇ ਵਿੱਚ ਆਉਣ ਕਾਰਨ ਕੱਟੀ ਹੋਈ ਸੀ। ਉਸ ਪਿੰਡ ਦਾ ਸਰਪੰਚ ਮੇਰਾ ਚੰਗਾ ਵਾਕਿਫ ਸੀ ਤੇ ਉਹ ਅੱਠ ਦਸ ਮੋਹਤਬਰ ਬੰਦੇ ਲੈ ਕੇ ਉਨ੍ਹਾਂ ਦੇ ਪਿੱਛੇ ਪਿੱਛੇ ਹੀ ਮੇਰੇ ਦਫਤਰ ਪਹੁੰਚ ਗਿਆ।

ਸਰਪੰਚ ਨੇ ਦੱਸਿਆ ਕਿ ਜਿਸ ਲੜਕੇ ਦਾ ਵਿਆਹ ਹੋਣ ਜਾ ਰਿਹਾ ਹੈ, ਉਹ ਇਕਲੌਤਾ ਹੈ ਤੇ 5 – 6 ਏਕੜ ਜ਼ਮੀਨ ਦਾ ਮਾਲਕ ਹੈ। ਪਰ ਬਾਂਹ ਕੱਟੀ ਹੋਣ ਕਾਰਨ ਉਸ ਦਾ ਵਿਆਹ ਨਹੀਂ ਸੀ ਹੋ ਰਿਹਾ। ਇਸ ਵਿਆਹ ਵਿੱਚ ਧੱਕੇਸ਼ਾਹੀ ਵਾਲੀ ਕੋਈ ਗੱਲ ਨਹੀਂ ਹੈ ਕਿਉਂਕਿ ਲੜਕੀ ਤੋਂ ਇਸ ਸਬੰਧੀ ਦਰਿਆਫਤ ਕੀਤਾ ਜਾ ਸਕਦਾ ਹੈ। ਲੜਕੀ ਨੇ ਦੱਸਿਆ ਕਿ ਇਹ ਵਿਆਹ ਉਸ ਦੀ ਮਰਜ਼ੀ ਨਾਲ ਹੋ ਰਿਹਾ ਹੈ। ਜਦੋਂ ਉਸ ਦੇ ਪਰਿਵਾਰ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਦੱਸਿਆ ਕਿ ਉਹ ਅਬੋਹਰ ਲਾਗੇ ਕਿਸੇ ਪਿੰਡ ਦੀ ਰਹਿਣ ਵਾਲੀ ਹੈ ਤੇ ਉਸ ਦੇ ਮਾਪੇ ਬਚਪਨ ਵਿੱਚ ਹੀ ਮਰ ਗਏ ਸਨ। ਉਸ ਨੂੰ ਉਸ ਦੇ ਤਾਏ ਨੇ ਪਾਲਿਆ ਸੀ ਤੇ 2 ਕੁ ਸਾਲ ਪਹਿਲਾਂ ਇੱਕ ਟਰੱਕ ਡਰਾਈਵਰ ਨਾਲ ਵਿਆਹ ਦਿੱਤਾ ਸੀ ਜੋ ਬਾਅਦ ਵਿੱਚ ਸਿਰੇ ਦਾ ਅਮਲੀ ਪੋਸਤੀ ਨਿਕਲਿਆ। ਉਸ ਦੇ ਕੋਈ ਬੱਚਾ ਨਹੀਂ ਹੈ ਤੇ ਛੇ ਕੁ ਮਹੀਨੇ ਪਹਿਲਾਂ ਡਰਾਈਵਰ ਨਸ਼ੇ ਦੀ ਉਵਰਡੋਜ਼ ਕਾਰਨ ਮਰ ਚੁੱਕਾ ਹੈ।

15 ਕੁ ਦਿਨ ਪਹਿਲਾਂ ਉਹ ਆਪਣੇ ਰਿਸ਼ਤੇਦਾਰਾਂ ਨਾਲ ਤਰਨ ਤਾਰਨ ਵਿਖੇ ਮੱਸਿਆ ਦਾ ਮੇਲਾ ਵੇਖਣ ਆਈ ਹੋਈ ਸੀ ਤਾਂ ਇਸ ਲੜਕੇ ਦੇ ਸੰਪਰਕ ਵਿੱਚ ਆ ਗਈ। ਮੈਂ ਸੋਚਿਆ ਕਿ ਜਦੋਂ ਮੀਆਂ ਬੀਵੀ ਰਾਜ਼ੀ ਹਨ ਤਾਂ ਫਿਰ ਕਾਜ਼ੀ ਨੂੰ ਇਸ ਮਾਮਲੇ ਵਿੱਚ ਟੰਗ ਫਸਾਉਣ ਦੀ ਜਰੂਰਤ ਹੈ? ਜਦੋਂ ਪੰਚਾਇਤ ਨੇ ਸਾਰੇ ਮਾਮਲੇ ਦੀ ਲਿਖਤੀ ਜ਼ਿੰਮੇਵਾਰੀ ਲੈ ਲਈ ਤਾਂ ਮੈਂ ਵੀ ਇਹ ਸੋਚ ਕੇ ਕਿ ਚਲੋ ਅੰਗਹੀਣ ਲੜਕੇ ਦਾ ਘਰ ਵੱਸ ਰਿਹਾ ਹੈ, ਇਸ ਮਾਮਲੇ ਵਿੱਚ ਜਿਆਦਾ ਦਖਲ ਅੰਦਾਜ਼ੀ ਨਾ ਕੀਤੀ। ਇਸ ਦੌਰਾਨ ਲੜਕੇ ਨੇ ਆਪਣੀ ਉਮਰ 33 ਸਾਲ ਤੇ ਲੜਕੀ ਨੇ 24 ਸਾਲ ਦੱਸੀ। ਲੜਕੀ ਬਹੁਤ ਹੀ ਖ਼ੂਬਸੂਰਤ ਸੀ ਤੇ ਵਾਕਿਆ ਹੀ ਵੇਖਣ ਨੂੰ 24 – 25 ਸਾਲ ਤੋਂ ਵੱਧ ਨਹੀਂ ਸੀ ਲੱਗਦੀ। ਇਸ ਮਾਮਲੇ ਨੂੰ ਦੋ ਤਿੰਨ ਮਹੀਨੇ ਗੁਜ਼ਰ ਗਏ ਤੇ ਮੈਂ ਵੀ ਇਸ ਬਾਰੇ ਭੁੱਲ ਭਲਾ ਗਿਆ। ਵੈਸੇ ਵੀ ਹਰ ਦੋ ਚਾਰ ਦਿਨਾਂ ਬਾਅਦ ਪੁਲਿਸ ਨੂੰ ਅਜਿਹੇ ਗੰਭੀਰ ਮਾਮਲੇ ਨਜਿੱਠਣੇ ਪੈਂਦੇ ਹਨ ਕਿ ਇਹੋ ਜਿਹੇ ਛੋਟੇ ਮੋਟੇ ਮਾਮਲਿਆਂ ਦਾ ਚੇਤਾ ਹੀ ਨਹੀਂ ਰਹਿੰਦਾ। ਕਦੇ ਕਤਲ, ਕਦੇ ਡਾਕਾ – ਚੋਰੀ ਤੇ ਕਦੇ ਕਿਸੇ ਯੂਨੀਅਨ ਵੱਲੋਂ ਧਰਨਾ ਪ੍ਰਦਰਸ਼ਨ। ਇੱਕ ਦਿਨ ਮੈਂ ਦਫਤਰ ਬੈਠਾ ਹੋਇਆ ਸੀ ਕਿ ਬਾਹਰ ਰੌਲਾ ਗੌਲਾ ਜਿਹਾ ਪੈਣ ਲੱਗ ਪਿਆ। ਮੈਂ ਅਰਦਲੀ ਨੂੰ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਇੱਕ ਬੁੱਢਾ ਜਿਹਾ ਬੰਦਾ ਆਪਣੇ 4 – 5 ਬੱਚਿਆਂ ਨਾਲ ਆਇਆ ਹੋਇਆ ਹੈ। ਉਹ ਕਹਿ ਰਿਹਾ ਹੈ ਕਿ ਉਸ ਦੀ ਪਤਨੀ ਘਰੋਂ ਭੱਜ ਗਈ ਹੈ ਤੇ ਫਲਾਣੇ ਪਿੰਡ ਵਿੱਚ ਉਸ ਨੇ ਨਵਾਂ ਵਿਆਹ ਕਰਵਾ ਲਿਆ ਹੈ।

ਮੈਂ ਉਸ ਨੂੰ ਅੰਦਰ ਬੁਲਾ ਲਿਆ ਤੇ ਮਾਮਲੇ ਬਾਰੇ ਪੁੱਛਿਆ। ਉਸ ਨੇ ਉਪਰੋਕਤ ਗੱਲ ਦੱਸ ਕਿ ਕਿਹਾ ਕਿ ਉਹ ਗੁਰਦਾਸਪੁਰ ਨੇੜਲੇ ਕਿਸੇ ਪਿੰਡ ਦਾ ਰਹਿਣ ਵਾਲਾ ਹੈ ਤੇ ਭੇਡਾਂ ਬੱਕਰੀਆਂ ਪਾਲ ਕੇ ਗੁਜ਼ਾਰਾ ਕਰਦਾ ਹੈ। ਉਸ ਦੇ ਬੱਚੇ ਆਪਣੀ ਮਾਂ ਤੋਂ ਬਿਨਾਂ ਰੋ ਰੋ ਕੇ ਹਲਕਾਨ ਹੋਏ ਪਏ ਹਨ, ਮੇਹਰਬਾਨੀ ਕਰ ਕੇ ਉਸ ਦੀ ਪਤਨੀ ਵਾਪਸ ਦਿਵਾਈ ਜਾਵੇ। ਜਦੋਂ ਉਸ ਨੇ ਪਿੰਡ ਦਾ ਨਾਮ ਲਿਆ ਤਾਂ ਮੇਰਾ ਮੱਥਾ ਠਣਕਿਆ। ਮੈਂ ਉਸ ਨੂੰ ਕਿਹਾ ਕਿ ਤੂੰ ਤਾਂ 50 – 55 ਸਾਲ ਦਾ ਲੱਗਦਾ ਹੈਂ ਤੇ ਉਹ ਕੁੜੀ ਸਿਰਫ 24 – 25 ਸਾਲ ਦੀ ਹੈ, ਉਹ ਤੇਰੀ ਪਤਨੀ ਕਿਵੇਂ ਹੋ ਸਕਦੀ ਹੈ? ਜਰੂਰ ਤੇਰਾ ਦੂਸਰਾ ਵਿਆਹ ਹੋਵੇਗਾ। ਉਸ ਨੇ ਲੱਗਭਗ ਰੋਂਦੇ ਹੋਏ ਦੱਸਿਆ ਕਿ ਜ਼ਨਾਬ ਉਹ ਵੀ 45 – 46 ਸਾਲ ਦੀ ਹੈ, ਬੱਸ ਵੇਖਣ ਨੂੰ ਹੀ 24 – 25 ਸਾਲ ਦੀ ਲੱਗਦੀ ਹੈ। ਜਦੋਂ ਉਸ ਨੇ ਕੋਲ ਖੜ੍ਹੇ ਇੱਕ ਨੌਜਵਾਨ ਵੱਲ ਇਸ਼ਾਰਾ ਕਰ ਕੇ ਦੱਸਿਆ ਕਿ ਇਹ ਉਸ ਦਾ ਵੱਡਾ ਮੁੰਡਾ ਹੈ ਜੋ 22 ਸਾਲ ਦਾ ਹੈ ਤਾਂ ਸੁਣ ਕੇ ਮੇਰਾ ਦਿਮਾਗ ਚਕਰਾ ਗਿਆ। ਮੈਂ ਦੋਬਾਰਾ ਉਸ ਜੋੜੀ ਨੂੰ ਦਫਤਰ ਬੁਲਾ ਲਿਆ ਪਰ ਲੜਕੀ ਪੈਰਾਂ 'ਤੇ ਪਾਣੀ ਨਾ ਪੈਣ ਦੇਵੇ ਕਿ ਉਹ ਤਾਂ ਇਨ੍ਹਾਂ ਨੂੰ ਜਾਣਦੀ ਹੀ ਨਹੀਂ। ਪਰ ਜਦੋਂ ਸਾਰੇ ਬੱਚੇ ਮੰਮੀ ਮੰਮੀ ਕਰਦੇ ਹੋਏ ਉਸ ਨੂੰ ਚੰਬੜ ਗਏ ਤਾਂ ਉਸ ਨੂੰ ਮੰਨਣਾ ਪਿਆ ਕਿ ਉਹ ਹੀ ਇਨ੍ਹਾਂ ਦੀ ਮਾਂ ਹੈ। ਇਹ ਵੇਖ ਕੇ ਪੰਚਾਇਤ ਵਾਲਿਆਂ ਦੇ ਵੀ ਮੂੰਹ ਅੱਡੇ ਗਏ ਤੇ ਉਸ ਔਰਤ ਨੂੰ ਉਸ ਦੇ ਅਸਲੀ ਪਤੀ ਨਾਲ ਤੋਰਨ ਬਿਨਾਂ ਹੋਰ ਕੋਈ ਚਾਰਾ ਨਾ ਰਿਹਾ। ਦੋ ਕੁ ਮਹੀਨੇ ਬਾਅਦ ਉਹ ਬੰਦਾ ਫਿਰ ਮੇਰੇ ਦਫਤਰ ਆ ਗਿਆ ਤੇ ਦੱਸਿਆ ਕਿ ਕਲ੍ਹ ਉਹ ਆਪਣੀ ਪਤਨੀ ਸਮੇਤ ਗੁਰਦਾਸਪੁਰ ਘਰੇਲੂ ਸੌਦਾ ਪੱਤਾ ਲੈਣ ਲਈ ਗਿਆ ਤਾਂ ਉਹ ਉਸ ਨੂੰ ਝਕਾਨੀ ਦੇ ਕੇ ਦੋਬਾਰਾ ਫਰਾਰ ਹੋ ਗਈ ਹੈ। ਮੈਂ ਪਿੰਡ ਦੇ ਸਰਪੰਚ ਨੂੰ ਫੋਨ ਕੀਤਾ ਤਾਂ ਉਸ ਨੇ ਦੱਸਿਆ ਕਿ ਪ੍ਰੇਮੀ ਜੋੜਾ ਅਜੇ ਪਿੰਡ ਨਹੀਂ ਪਹੁੰਚਿਆ, ਲੱਗਦਾ ਕਿਤੇ ਦੂਰ ਹੀ ਨਿਕਲ ਗਏ ਹਨ। ਇਸ ਤੋਂ ਬਾਅਦ ਉਹ ਬੰਦਾ ਡੇਢ ਕੁ ਮਹੀਨਾ ਮੇਰੇ ਦਫਤਰ ਦੇ ਗੇੜੇ ਮਾਰਦਾ ਰਿਹਾ ਪਰ ਪ੍ਰੇਮੀ ਜੋੜਾ ਵਾਪਸ ਪਿੰਡ ਨਾ ਆਇਆ। ਕਿਉਂਕਿ ਜਨਾਨੀ ਬਾਲਗ ਸੀ, ਇਸ ਕਾਰਨ ਮੁਕੱਦਮਾ ਵੀ ਦਰਜ਼ ਨਹੀਂ ਸੀ ਹੋ ਸਕਦਾ। ਇਸ ਤੋਂ ਬਾਅਦ ਮੇਰੀ ਬਦਲੀ ਸਬ ਡਵੀਜ਼ਨ ਕਾਦੀਆਂ ਦੀ ਹੋ ਗਈ ਪਰ ਆਪਣੀ ਉਮਰ ਤੋਂ 20 – 25 ਸਾਲ ਛੋਟੀ ਦਿਖਣ ਵਾਲੀ ਉਸ ਜਨਾਨੀ ਦਾ ਹੈਰਾਨੀਜਨਕ ਕੇਸ ਮੈਨੂੰ ਅੱਜ ਵੀ ਯਾਦ ਹੈ।

ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ.), ਪੰਡੋਰੀ ਸਿੱਧਵਾਂ 9501100062



# ਤਲਾਕ ਦੀਆਂ ਘਟਨਾਵਾਂ ਦਿਨੋ ਦਿਨ ਕਿਉਂ ਵੱਧ ਰਹੀਆਂ ਹਨ...?



ਨੈਸ਼ਨਲ ਕ੍ਰਾਈਮ ਬਿਊਰੋ ਅਤੇ ਭਾਰਤੀ ਅਦਾਲਤਾਂ ਦੇ ਅੰਕੜਿਆਂ ਅਨੁਸਾਰ ਪਿਛਲੇ ਲਗਭਗ ਡੇਢ ਦਹਾਕੇ ਦੌਰਾਨ ਭਾਰਤ ਦੇ ਮਹਾਂਨਗਰਾਂ ਅਤੇ ਵੱਖ ਵੱਖ ਰਾਜਾਂ ਵਿੱਚ ਵਿਆਹੇ ਜੋੜਿਆਂ ਵਿੱਚ ਤਲਾਕ ਦੇ ਰੁਝਾਨ ਵਿੱਚ ਤਿੱਖਾ ਵਾਧਾ ਹੋਇਆ ਹੈ। ਇਹਨਾਂ ਅੰਕੜਿਆਂ ਅਨੁਸਾਰ ਰਾਜਧਾਨੀ ਦਿੱਲੀ ਦੀਆਂ ਅਦਾਲਤਾਂ ਵਿੱਚ ਹਰ ਸਾਲ ਤਲਾਕ ਦੇ 9000 ਕੇਸ ਦਾਖਲ ਹੁੰਦੇ ਹੁਨ, ਜੋ ਕਿ 1990ਵਿਆਂ ਵਿੱਚ 1000 ਸਨ ਅਤੇ 1960ਵਿਆਂ 'ਚ ਮਹਿਜ਼ ਇੱਕ ਜਾਂ ਦੋ ਕੇਸ ਹੀ ਦਾਖਲ ਹੁੰਦੇ ਸਨ। ਇਸ ਤਰਾਂ ਰਾਜਧਾਨੀ ਵਿੱਚ ਹੀ 1990 ਤੋਂ ਬਾਅਦ ਤਲਾਕ ਦੇ ਮਾਮਲਿਆਂ ਵਿੱਚ ਲਗਭਗ 10 ਗੁਣਾ ਵਾਧਾ ਹੋਇਆ ਹੈ। ਚੇਨਈ ਅਤੇ ਕੋਲਕਾਤਾ ਵਿੱਚ ਤਲਾਕ ਦੇ ਮਾਮਲਿਆਂ ਵਿੱਚ ਸਲਾਨਾ 200% ਵਾਧਾ ਹੋ ਰਿਹਾ ਹੈ। ਕੇਰਲਾ ਵਿੱਚ 300% ਜਦ ਕਿ ਪੰਜਾਬ ਅਤੇ ਹਰਿਆਣਾ ਵਿੱਚ 400 % ਦੀ ਸਲਾਨਾ ਦਰ ਨਾਲ਼ ਤਲਾਕਾਂ ਵਿੱਚ ਵਾਧਾ ਹੋ ਰਿਹਾ ਹੈ। ਇਹ ਰੁਝਾਨ ਸਿਰਫ਼ ਮਹਾਂਨਗਰਾਂ ਤੱਕ ਹੀ ਸੀਮਤ ਨਹੀਂ ਸਗੋਂ ਛੋਟੇ ਸ਼ਹਿਰਾਂ ਅਤੇ ਕਸਬਿਆਂ ਨੂੰ ਵੀ ਆਪਣੀ ਲਪੇਟ ਵਿੱਚ ਲੈ ਰਿਹਾ ਹੈ। ਵਧ ਰਹੇ ਤਲਾਕਾਂ ਦੇ ਕੇਸਾਂ ਨਾਲ਼ ਨਿਪਟਣ ਲਈ ਸਿਰਫ਼ ਦਿੱਲੀ ਵਿੱਚ ਹੀ ਪੰਜ ਵਿਸ਼ੇਸ਼ ਅਦਾਲਤਾਂ, ਜਿਹਨਾਂ ਵਿੱਚੋਂ ਹਰ ਇੱਕ ਵਿੱਚ ਇੱਕ ਵਧੀਕ ਸੈਸ਼ਨ ਜੱਜ ਹੋਵੇਗਾ, ਸਥਾਪਿਤ ਕੀਤੀਆਂ ਗਈਆਂ ਹਨ।

ਭਾਰਤ ਵਿੱਚ ਤਲਾਕਾਂ ਦੇ ਜਿਸ ਵਰਤਾਰੇ ਨੇ 1990ਵਿਆਂ ਤੋਂ ਜ਼ੋਰ ਫੜਿਆ ਹੈ ਇਹ ਅੱਜ ਕਿਧਰੇ ਘੱਟ ਕਿਧਰੇ ਵੱਧ ਸੰਸਾਰ ਵਿਆਪੀ ਵਰਤਾਰਾ ਹੈ। ਵਿਕਸਿਤ ਪੂੰਜੀਵਾਦੀ ਦੇਸ਼ਾਂ ਵਿਚ ਤਾਂ ਹਾਲਤ ਇਹ ਬਣ ਚੁੱਕੀ ਹੈ ਕਿ ਇੱਥੇ ਲੋਕ ਵਿਆਹ ਤੋਂ ਹੀ ਤੌਬਾ ਕਰ ਰਹੇ ਹਨ। ਇਹਨਾਂ ਲਗਭਗ ਸਾਰੇ ਹੀ ਦੇਸ਼ਾਂ ਵਿੱਚ ਬੱਚਿਆਂ ਦੀ ਜਨਮ ਦਰ ਨੈਗੇਟਿਵ ਹੈ। ਵਿਕਸਿਤ ਪੂੰਜੀਵਾਦੀ ਦੇਸ਼ਾਂ ਦੀ ਤਰਜ਼ 'ਤੇ ਹੀ ਤੀਸਰੀ ਦੁਨੀਆਂ ਦੇ ਪੱਛੜੇ ਪੂੰਜੀਵਾਦੀ ਦੇਸ਼ਾਂ ਦੇ ਮਹਾਂਨਗਰਾਂ 'ਚ ਵੀ ਨੌਜਵਾਨ ਜੋੜੇ ਬਿਨ੍ਹਾਂ ਵਿਆਹ ਤੋਂ ਹੀ ਇਕੱਠੇ ਰਹਿਣ ਨੂੰ ਤਰਜੀਹ ਦੇਣ ਲੱਗੇ ਹਨ। ਇਹਨਾਂ ਮਹਾਂਨਗਰਾਂ ਵਿੱਚ ਅਜਿਹੇ ਨੌਜਵਾਨਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇਹ ਬੱਚੇ ਪੈਦਾ ਕਰਨ ਅਤੇ ਉਹਨਾਂ ਦੀ ਪਰਵਰਿਸ਼ ਨੂੰ ਫਾਲਤੂ ਦਾ ਝੰਜਟ ਸਮਝਦੇ ਹਨ। ਇਹਨਾਂ ਦੇ ਵਿਆਹ ਤੋਂ ਬੇਮੁੱਖ ਹੋਣ ਦਾ ਇੱਕ ਕਾਰਨ ਇਹ ਵੀ ਹੈ ਕਿ ਜੇਕਰ ਵਿਆਹ ਤੋਂ ਬਾਅਦ ਨਾ ਨਿਭੀ ਤਾਂ ਤਲਾਕ ਲੈਣ ਲਈ ਕੋਰਟਾਂ 'ਚ ਧੱਕੇ ਖਾਣੇ ਪੈਂਦੇ ਹਨ। ਇਸ ਸਾਰੇ ਖਲਜਗਣ ਤੋਂ ਬਚਣ ਦਾ ਇਹਨਾਂ ਨੇ ਇੱਕ ਤਰੀਕਾ ਕੱਢਿਆ ਹੈ ਕਿ ਬਿਨਾਂ ਵਿਆਹ ਦੇ ਹੀ ਇਕੱਠੇ ਰਿਹਾ ਜਾਵੇ। ਵਿਆਹ ਦੀ ਸੰਸਥਾ ਦੀ ਪਵਿੱਤਰਤਾ ਅਤੇ ਜ਼ਰੂਰਤ ਉੱਪਰ ਹੀ ਸਵਾਲ ਉਠਾਉਣ ਵਾਲਿਆਂ ਦੀ ਸੰਖਿਆ ਵੀ ਵਧ ਰਹੀ ਹੈ। ਅੰਗਰੇਜ਼ੀ ਅਖਬਾਰ 'ਦੀ ਟ੍ਰਿਬਿਊਨ' ਵਿੱਚ ਛਪੇ ਇੱਕ ਲੇਖ ਵਿੱਚ ਭਾਰਤ ਵਿੱਚ ਤਲਾਕਾਂ ਦੀ ਸੰਖਿਆ ਵਿੱਚ ਤਿੱਖੇ ਵਾਧੇ ਦੇ ਕਾਰਣਾਂ ਬਾਰੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਮਾਜ ਵਿਗਿਆਨੀ ਸਤੁਤੀ ਦਾਸ ਦੱਸਦੇ ਹਨ, ''ਅੱਜ ਕੱਲ੍ਹ ਇਸਤਰੀਆਂ ਵੀ ਬਰਾਬਰ ਕਮਾਈ ਕਰ ਰਹੀਆਂ ਹਨ। ਇਸ ਲਈ ਉਹ ਵਿਆਹ 'ਚ ਬਰਾਬਰੀ ਦੀ ਮੰਗ ਕਰਦੀਆਂ ਹਨ। ਜੇਕਰ ਇਸ ਤਰਾਂ ਨਹੀਂ ਹੁੰਦਾ ਤਾਂ ਉਹ ਸਬੰਧ ਤੋੜ ਦਿੰਦੀਆਂ ਹਨ....। ਅਤੇ ਆਰਥਿਕ ਸਸ਼ਕਤੀਕਰਨ ਦੀ ਬਦੌਲਤ ਇਸਤਰੀਆਂ ਪਹਿਲਾਂ ਵਾਂਗ ਅਸੁਰੱਖਿਅਤ ਮਹਿਸੂਸ ਨਹੀਂ ਕਰਦੀਆਂ, ਜਦੋਂ ਉਹ ਪੂਰੀ ਤਰਾਂ ਪਿਤਾ-ਪਤੀ-ਪੁੱਤਰ ਦੀ ਤਿੱਕੜੀ 'ਤੇ ਨਿਰਭਰ ਸਨ''। ਵਿਆਹ ਸਲਾਹਕਾਰ ਕਹਿੰਦੇ ਹਨ ਕਿ ਅੱਜ ਕੱਲ੍ਹ ਜ਼ਿਆਦਾਤਰ ਤਲਾਕ ਮੁੱਖ ਤੌਰ 'ਤੇ ਦੋ ਕਾਰਨਾਂ ਕਰਕੇ ਹੋ ਰਹੇ ਹਨਕਜੋੜ ਅਤੇ ਵਿਭਚਾਰ''।

ਭਾਰਤ ਵਿੱਚ ਵਧ ਰਹੇ ਤਲਾਕਾਂ ਦੇ ਉੱਪਰ ਦੱਸੇ ਗਏ ਕਾਰਨਾਂ ਵਿੱਚ ਸੱਚਾਈ ਤਾਂ ਹੈ ਪਰ ਅੰਸ਼ਕ। ਇਸ ਲਈ ਜ਼ਰੂਰੀ ਹੈ ਕਿ ਇਹਨਾਂ ਕਾਰਨਾਂ ਦੇ ਵੀ ਕਾਰਨਾਂ ਨੂੰ ਸਮਝਿਆ ਜਾਵੇ ਮਸਲੇ ਦੀ ਜੜ੍ਹ ਤੱਕ ਜਾਇਆ ਜਾਵੇ। ਭਾਰਤ ਜਿਹੇ ਪੱਛੜੇ ਪੂੰਜੀਵਾਦੀ ਦੇਸ਼ਾਂ ਵਿੱਚ ਜਿੱਥੇ ਅਜੇ ਵੀ ਜਗੀਰੂ ਸੱਭਿਆਚਾਰ ਦਾ ਬੋਲਬਾਲਾ ਹੈ, ਨੌਜਵਾਨ ਲੜਕੇ-ਲੜਕੀਆਂ ਆਪਣਾ ਮਨਪਸੰਦ ਜੀਵਨ ਸਾਥੀ ਚੁਣਨ ਦੇ ਹੱਕ ਤੋਂ ਵੀ ਵਾਂਝੇ ਹਨ। ਭਾਵੇਂ ਪਿਛਲੇ ਕੁੱਝ ਸਮੇਂ ਤੋਂ ਪਿਆਰ ਵਿਆਹਾਂ ਦਾ ਰੁਝਾਨ ਵਧਿਆ ਹੈ, ਖਾਸ ਕਰਕੇ ਸ਼ਹਿਰਾਂ ਵਿੱਚ ਪਰ ਅਜੇ ਵੀ ਅਜੇਹੇ ਵਿਆਹਾਂ ਦੀ ਸੰਖਿਆ ਆਟੇ 'ਚ ਲੂਣ ਬਰਾਬਰ ਹੀ ਹੈ। ਵਿਆਹ ਇੱਥੇ ਜ਼ਿਆਦਾਤਰ ਵਡੇਰਿਆਂ ਦੁਆਰਾ ਤੈਅ ਕੀਤੇ ਜਾਂਦੇ ਹਨ, ਇੱਕ ਦੂਸਰੇ ਤੋਂ ਪੂਰੀ ਤਰ੍ਹਾਂ ਅਣਜਾਣ ਦੋ ਵਿਅਕਤੀਆਂ ਨੂੰ ਜ਼ਿੰਦਗੀ ਭਰ ਲਈ ਆਪਸ ਵਿੱਚ ਨਰੜ ਦਿੱਤਾ ਜਾਂਦਾ ਹੈ। ਪਿਛਲੇ ਕੁੱਝ ਸਮੇਂ ਵਿੱਚ ਇਸ ਰੀਤ ਵਿੱਚ ਇੰਨਾ ਕੁ ਫਰਕ ਪਿਆ ਹੈ ਕਿ ਵਿਆਹ ਤੋਂ ਪਹਿਲਾਂ ਲੜਕਾ ਲੜਕੀ ਇੱਕ ਦੂਸਰੇ ਨੂੰ ਦੇਖ ਲੈਂਦੇ ਹਨ ਤੇ ਕੁਝ ਗੱਲਬਾਤ ਕਰ ਲੈਂਦੇ ਹਨ। ਇਹ ਦੇਖਣਾ-ਦਿਖਾਉਣਾ ਵੀ ਬੇਹੱਦ ਘਟੀਆ ਅਤੇ ਮਨੁੱਖੀ ਗੌਰਵ ਦਾ ਅਪਮਾਨ ਹੈ। ਲੜਕੇ ਵਾਲ਼ੇ ਲੜਕੀ ਨੂੰ ਦੇਖਣ ਜਾਂਦੇ ਹਨ। ਲੜਕੀ ਨੂੰ ਸਜਾ ਧਜਾ ਕੇ ਲੜਕੇ ਅੱਗੇ ਪੇਸ਼ ਕੀਤਾ ਜਾਂਦਾ ਹੈ। ਲੜਕੇ ਦੁਆਰਾ ਵਾਸਨਾ ਭਰਭੂਰ ਨਜ਼ਰਾਂ ਨਾਲ਼ ਲੜਕੀ ਦੇ ਜਿਸਮ ਦੀ ਤਲਾਸ਼ੀ ਲਈ ਜਾਂਦੀ ਹੈ। ਜੇ ਲੜਕੀ ਦਾ 'ਸੁਹੱਪਣ' ਲੜਕੇ ਅਤੇ ਉਸ ਦੇ ਸਕੇ ਸਬੰਧੀਆਂ ਨੂੰ ਪਸੰਦ ਆ ਜਾਵੇ, ਦਹੇਜ ਵੀ ਤੈਅ ਹੋ ਜਾਵੇ ਤਾਂ ਵਿਆਹ ਰੂਪੀ ਸੌਦਾ ਸਿਰੇ ਚੜ੍ਹ ਜਾਂਦਾ ਹੈ। ਇਸ ਤਰ੍ਹਾਂ ਕੁਜੋੜ ਬਣਦੇ ਹਨ। ਜੇ ਕਰ ਤਲਾਕ ਕਨੂੰਨਾਂ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਲੜਕੀਆਂ ਦੇ ਪੜ੍ਹ ਲਿਖ ਜਾਣ ਅਤੇ ਆਰਥਿਕ ਤੌਰ 'ਤੇ ਆਤਮ ਨਿਰਭਰ ਹੋ ਜਾਣ ਦੇ ਸਿੱਟੇ ਵਜੋਂ ਇਹ ਕੁਜੋੜ ਟੁੱਟ ਰਹੇ ਹਨ ਤਾਂ ਇਹ ਇੱਕ ਸਾਰਥਕ ਗੱਲ ਹੈ। ਇਸ ਦਾ ਸਵਾਗਤ ਹੀ ਕੀਤਾ ਜਾਣਾ ਚਾਹੀਦਾ ਹੈ।

ਇੱਥੇ ਮਨੁੱਖ ਦੀਆਂ ਸਭ ਗਤੀਵਿਧੀਆਂ 'ਤੇ ਰਾਜੇ ਰਜਵਾੜਿਆਂ, ਧਰਮ, ਧਰਮ ਗੁਰੂਆਂ (ਜੋ ਕਈ ਮਾਮਲਿਆਂ ਵਿੱਚ ਜਗੀਰਦਾਰ ਵੀ ਹੁੰਦੇ ਸਨ) ਦਾ ਮੁਕੰਮਲ ਗਲਬਾ ਸੀ। ਇਸਤਰੀ ਨੂੰ ਤਲਵਾਰ ਦੇ ਜ਼ੋਰ ਹਾਸਲ ਕੀਤਾ ਜਾਂਦਾ ਸੀ। ਸੰਪਤੀਵਾਨ ਲਈ ਵਿਆਹ ਕਰਾਉਣਾ ਸਿਰਫ ਇਸ ਲਈ ਜ਼ਰੂਰੀ ਸੀ ਤਾਂ ਕਿ ਉਹਨਾਂ ਦੀ ਜਾਇਦਾਦ ਉਹਨਾਂ ਦੀ ਆਪਣੀ ਸੰਤਾਨ ਨੂੰ ਮਿਲ਼ੇ। ਇਹਨਾਂ ਘਰਾਂ 'ਚ ਜਾਇਦਾਦ ਦੇ ਜਾਇਜ਼ ਵਾਰਿਸ ਪੈਦਾ ਕਰਨ ਤੋਂ ਵੱਧ ਇਸਤਰੀ ਦੀ ਕੋਈ ਹੈਸੀਅਤ ਨਹੀਂ ਸੀ। ਪੂੰਜੀਵਾਦ ਅਤੇ ਪੂੰਜੀਵਾਦੀ ਜਮਹੂਰੀਅਤ ਦੇ ਉਦੇ ਨਾਲ਼ ਪ੍ਰੇਮ ਦਾ ਉਦੇ ਹੋਇਆ, ਇਸਤਰੀਆਂ ਆਪਣੇ ਮਨ-ਪਸੰਦ ਜੀਵਨ ਸਾਥੀ ਦੀ ਚੋਣ ਲਈ ਅਜ਼ਾਦ ਹੋਈਆਂ। ਸਮਾਂ ਵਿਆਹ ਦੀ ਕਲਪਣਾ ਤੱਕ ਕਰ ਸਕਣਾ ਮੁਸ਼ਕਿਲ ਹੈ। ਪਰ ਭਾਰਤ ਜੇਹੇ ਪਿਛੜੇ ਪੂੰਜੀਵਾਦੀ ਦੇਸ਼ਾਂ ਵਿੱਚ ਅਜੇ ਵੀ ਜਗੀਰੂ ਕਦਰਾਂ ਕੀਮਤਾਂ ਦਾ ਬੋਲਬਾਲਾ ਹੈ। ਪਰ ਜਿੱਥੇ ਵਿਆਹਾਂ ਵਿੱਚ ਕੋਈ ਜ਼ੋਰ ਜ਼ਬਰਦਸਤੀ ਨਹੀਂ ਕੀਤੀ ਜਾਂਦੀ, ਭਾਵ ਅਖੌਤੀ ਪਿਆਰ ਵਿਆਹ ਵੀ ਤਾਂ ਨਹੀਂ ਟਿਕ ਰਹੇ। ਅਜੇਹੇ ਵਿਆਹਾਂ ਦੇ ਮਾਮਲਿਆਂ ਵਿੱਚ ਵੀ ਤਲਾਕ ਘੱਟ ਨਹੀਂ ਹੋ ਰਹੇ। ਕਾਰਣ ਇਹ ਹੈ ਕਿ ਅੱਜ ਦੇ ਪੂੰਜੀਵਾਦੀ ਸਮਾਜਾਂ ਵਿੱਚ ਪੂੰਜੀ ਨੇ ਸਮੁੱਚੇ ਮਨੁੱਖੀ ਸਬੰਧਾਂ ਉੱਪਰ ਆਪਣਾ ਗਲਬਾ ਕਾਇਮ ਕਰ ਲਿਆ ਹੈ। ਕਿਉਂਕਿ ਵਿਆਹ ਸਬੰਧ ਉਤਪਾਦਨ ਸਬੰਧਾਂ ਦੇ ਅਨੁਸਾਰੀ ਹੁੰਦੇ ਹਨ, ਇਸ ਲਈ ਅੱਜ ਦੇ ਪੂੰਜੀਵਾਦੀ ਸਮਾਜਾਂ ਵਿੱਚ ਵਿਆਹ ਪੂੰਜੀ ਵਧਾਉਣ ਦਾ ਜ਼ਰੀਆ ਹਨ। ਇਹ ਸ਼ੁੱਧ ਰੂਪ ਵਿੱਚ ਇੱਕ ਸੌਦੇਬਾਜ਼ੀ, ਇੱਕ ਵਣਜ ਹੈ। ਇਹ ਅਸਲ ਵਿੱਚ ਦੋ ਪੂੰਜੀਆਂ ਦਰਮਿਆਨ 'ਜੁਆਇੰਟ ਵੈਂਚਰ' ਹੈ। ਸਰਮਾਏਦਾਰ ਅਧਾਰ ਉੱਤੇ ਸਨਅਤ ਦੇ ਵਿਕਾਸ ਨੇ ਕਿਰਤੀ ਜਨਤਾ ਦੀ ਗਰੀਬੀ ਅਤੇ ਦੁਰਦਸ਼ਾ ਨੂੰ ਸਮਾਜ ਦੀ ਹੋਂਦ ਦੀ ਅਵਸਥਾ ਬਣਾ ਦਿੱਤਾ। 'ਭਰਾਤਰੀਅਤਾ'' ਮੁਕਾਬਲੇ ਦੇ ਘੋਲ ਵਿੱਚ ਧੋਖੇਬਾਜ਼ੀ ਅਤੇ ਵਿਰੋਧਾਂ ਵਿਚ ਪ੍ਰਾਪਤ ਕੀਤੀ ਗਈ। ਪਹਿਲੀ ਸਮਾਜੀ ਅਰ ਵਜੋਂ ਤਲਵਾਰ ਦੀ ਥਾਂ ਸੋਨੇ ਲੈ ਲਈ। ਵਿਆਹ ਪਹਿਲਾਂ ਵਾਂਗ ਹੀ ਰੰਡੀਬਾਜ਼ੀ ਦਾ ਕਾਨੂੰਨੀ ਤੌਰ 'ਤੇ ਪ੍ਰਵਾਨਿਆ ਰੂਪ, ਇਹਦੇ ਲਈ ਕਾਨੂੰਨੀ ਪਰਦਾ ਰਿਹਾ, ਅੱਜ ਦੇ ਪੰਜੀਵਾਦੀ ਸੰਸਾਰ ਵਿੱਚ ਇਸਤਰੀ-ਪੁਰਸ਼ ਇਸ ਲਈ ਵਿਆਹ ਸੰਬੰਧਾਂ ਵਿੱਚ ਨਹੀਂ ਬੱਝਦੇ ਕਿ ਉਹ ਇੱਕ ਦੂਸਰੇ ਨੂੰ ਪਿਆਰ ਕਰਦੇ ਹਨ, ਇੱਕ ਦੂਸਰੇ ਪ੍ਰਤੀ ਗਹਿਰੀਆਂ ਭਾਵਨਾਵਾਂ ਰੱਖਦੇ ਹਨ, ਫਰਾਂਸੀਸੀ ਨਾਵਲਕਾਰ ਫਲਾਬੇਅਰ ਦਾ ਕਹਿਣਾ ਹੈ ਕਿ ਆਮ ਤੌਰ 'ਤੇ 95 ਫੀਸਦੀ ਵਿਆਹੇ ਜੋੜੇ ਬੇਵਫਾ ਹੁੰਦੇ ਹਨ।

ਅੱਜ ਦੇ ਵਿਆਹ ਸਬੰਧਾਂ ਵਿੱਚ ਕਿਸ ਕਦਰ ਨਿਘਾਰ ਆ ਚੁੱਕਾ ਹੈ, ਇਹ ਹਾਲੀਵੁੱਡ ਦੀਆਂ ਕਈ ਅਭਿਨੇਤਰੀਆਂ ਵੱਲੋਂ ਉੱਥੋਂ ਦੇ ਕਰੋੜਪਤੀਆਂ ਨੂੰ ਮੋਟੀਆਂ ਰਕਮਾਂ ਬਦਲੇ ਕੀਤੀਆਂ 'ਕੰਟਰੈਕਟ ਮੈਰਿਜ' (ਠੇਕੇ 'ਤੇ ਵਿਆਹ) ਦੀ ਪੇਸ਼ਕਸ਼ਾਂ ਤੋਂ ਵੀ ਦੇਖਿਆ ਜਾ ਸਕਦਾ ਹੈ ਜਿਹਨਾਂ ਦੇ ਕਿੱਸੇ ਅਕਸਰ ਅਖਬਾਰਾਂ ਵਿੱਚ ਛਪਦੇ ਰਹਿੰਦੇ ਹਨ। ਸਾਡੇ ਸਮਾਜ ਵਿੱਚ ਮੋਟਾ ਦਹੇਜ ਦਿੱਤੇ ਬਿਨਾਂ ਲੜਕੀ ਦਾ ਵਿਆਹ ਨਾਮੁਮਕਿਨ ਹੈ। ਅਖ਼ਬਾਰ ਵਿਆਹ ਸਬੰਧੀ ਇਸ਼ਤਿਹਾਰਾਂ ਨਾਲ਼ ਭਰੇ ਰਹਿੰਦੇ ਹਨ, ਜਿਹਨਾਂ ਵਿੱਚ ਲੜਕੇ-ਲੜਕੀਆਂ ਖੁਦ ਨੂੰ ਜਾਂ ਉਹਨਾਂ ਦੇ ਮਾਪੇ ਆਪਣੇ ਬੱਚਿਆਂ ਨੂੰ ਵਿਕਾਊ 'ਮਾਲ' ਦੀ ਤਰਾਂ ਮੰਡੀ ਵਿੱਚ ਉਤਾਰਦੇ ਹਨ। ਅਜੇਹੀ ਚਰਚਾ ਅਕਸਰ ਸੁਣਨ ਨੂੰ ਮਿਲ਼ਦੀ ਹੈ ਕਿ ਪੜ੍ਹ ਲਿਖਕੇ ਵੱਡੀ ਡਿਗਰੀ ਹਾਸਲ ਕਰਨ ਨਾਲ਼ ਲੜਕੇ ਜਾਂ ਲੜਕੀ ਦੀ ਵਿਆਹ ਮੰਡੀ ਵਿੱਚ 'ਮਾਰਕੀਟ ਵੈਲਿਊ' (ਮੰਡੀ ਮੁੱਲ) ਵੱਧ ਜਾਂਦੀ ਹੈ। 'ਮਾਰਕੀਟ ਵੈਲਯੂ' ਜੇਹੇ ਸ਼ਬਦ ਸ਼ਰਮ ਦੀ ਥਾਂ ਮਾਣ ਦੀ ਵਜ੍ਹਾ ਬਣ ਗਏ ਹਨ। ਇਸ ਲਈ ਇਸ ਤਰਾਂ ਦੇ ਵਿਆਹ ਜੇਕਰ ਅੱਜ ਤੇਜੀ ਨਾਲ਼ ਟੁੱਟ ਰਹੇ ਹਨ ਤਾਂ ਕੋਈ ਹੈਰਾਨੀ ਦੀ ਗੱਲ ਨਹੀਂ ਹੋਣੀ ਚਾਹੀਦੀ। ਜਿੱਥੇ ਇਹ ਨਹੀਂ ਟੁੱਟਦੇ ਉੱਥੇ ਸਾਰੀ ਉਮਰ ਧੂਹ ਘੜੀਸ ਚੱਲਦੀ ਰਹਿੰਦੀ ਹੈ। ਜਾਂ ਅਜੇਹੇ ਰਿਸ਼ਤੇ ਅੰਦਰੋਂ ਟੁੱਟ ਹੀ ਚੁੱਕੇ ਹਨ ਬਸ ਦਿਖਾਵੇ ਵਜੋਂ ਹੀ ਇਹ ਬਚੇ ਹੁੰਦੇ ਹਨ।

ਇਸਤਰੀ-ਪੁਰਸ਼ ਦਰਮਿਆਨ ਪ੍ਰੇਮ ਦੋ ਇਨਸਾਨਾਂ ਲਈ ਅਥਾਹ ਖੁਸ਼ੀ ਅਤੇ ਅਨੰਦ ਦਾ ਸੋਮਾ, ਨੈਕਿਤ-ਚਰਿੱਤਰਕ ਉੱਚਤਾ ਦਾ ਸਾਧਨ ਹੈ। ਪਰ ਪੂੰਜੀ ਨੇ ਮਨੁੱਖ ਤੋਂ ਨਿਹਾਇਤ ਹੀ ਮਾਨਵੀ ਸੁੱਖ-ਖੁਸ਼ੀਆਂ ਵੀ ਖੋਹ ਲਏ ਹਨ। ਦਰਅਸਲ ਪੂੰਜੀਵਾਦੀ ਸੰਪੱਤੀ ਸਬੰਧਾਂ ਵਿੱਚ ਸੱਚਾ ਪ੍ਰੇਮ ਉਪਜ ਹੀ ਨਹੀਂ ਸਕਦਾ। ਪੂੰਜੀਵਾਦੀ ਸੰਪੱਤੀ ਸੰਬੰਧਾਂ ਦਾ ਖਾਤਮਾ ਇਸਤਰੀ ਪੁਰਸ਼ ਦਰਮਿਆਨ ਸੱਚਾ ਪ੍ਰੇਮ ਉਪਜਣ ਦੀ ਪੂਰਵ ਸ਼ਰਤ ਹੈ। ਲੋਕਾਂ ਨੇ ਲੁੱਟ ਜਬਰ ਤੋਂ ਤਾਂ ਮੁਕਤੀ ਹਾਸਲ ਕੀਤੀ ਹੈ ਸਗੋਂ ਵੇਸ਼ਵਾਗਮਨੀ, ਸ਼ਰਾਬਖੋਰੀ ਜਿਹੀਆਂ ਅਨੇਕਾਂ ਸਮਾਜਿਕ ਬੁਰਾਈਆਂ ਵੀ ਜੜ੍ਹੋਂ ਖਤਮ ਹੋਈਆਂ। ਅਮਰੀਕੀ ਪੱਤਰਕਾਰ ਡਾਈਸਨ ਕਾਰਟਰ ਦੀ ਕਿਤਾਬ 'ਪਾਪ ਅਤੇ ਵਿਗਿਆਨ' ਸੋਵੀਅਤ ਯੂਨੀਅਨ ਵਿੱਚ ਮਨੁੱਖੀ ਸਬੰਧਾਂ ਵਿੱਚ ਵਾਪਰੀਆਂ ਵੱਡੀਆਂ ਅਗਾਂਵਧੂ ਤਬਦੀਲੀਆਂ ਬਾਰੇ ਦੱਸਦੀ ਹੈ। ਇਹ ਦੱਸਦੀ ਹੈ ਕਿ ਕਿਵੇਂ ਪੂੰਜੀ ਤੋਂ ਮੁਕਤ ਸਮਾਜਾਂ ਵਿੱਚ ਮਨੁੱਖੀ ਸਬੰਧਾਂ ਨੂੰ ਇੱਕ ਨਵਾਂ ਨੈਤਿਕ ਅਧਾਰ ਪ੍ਰਾਪਤ ਹੋਇਆ। ਇਹ ਕਿਤਾਬ ਸਮਾਜਵਾਦ ਦੀ ਸ਼ਕਤੀ ਦੀ ਬਾਤ ਪਾਉਂਦੀ ਹੈ। ਕਾਨੂੰਨ ਪਾਸ ਸਨ : ਪਹਿਲਾ, ਸਿਵਿਲ ਮੈਰਿਜਾਂ, ਬੱਚਿਆਂ ਅਤੇ ਸੰਤਾਨ ਦੀ ਰਜਿਸ਼ਟਰੇਸ਼ਨ, ਵਿਆਹਾਂ ਅਤੇ ਮੌਤ ਸਬੰਧੀ ਕਾਨੂੰਨ, ਦੂਜਾ, ਵਿਆਹ ਅਤੇ ਤਲਾਕ ਸਬੰਧੀ ਕਾਨੂੰਨ।...ਵਿਆਹੇ ਜੋੜੇ ਵਿੱਚੋਂ ਇੱਕ ਪੱਖ ਰਜਿਸਟਰੇਸ਼ਨ ਦਫ਼ਤਰ ਦੁਆਰਾ ਦੂਸਰੇ ਪੱਖ ਨੂੰ ਸੂਚਨਾ ਦੇ ਦੇਵੇ ਕਿ ਵਿਆਹ ਸਬੰਧ ਖਤਮ ਹੋ ਗਿਆ ਹੈ, ਬੱਸ, ਇਸ ਤੋਂ ਇਲਾਵਾ ਕੋਈ ਬੱਚਾ ਮੌਜੂਦ ਹੋਵੇ ਤਾਂ ਉਸਦੀ ਦੇਖਭਾਲ਼ ਦਾ ਪ੍ਰਬੰਧ ਕਰ ਦਿੱਤਾ ਜਾਂਦਾ ਸੀ। ਪ੍ਰੇਮ ਅਧਾਰਤ ਨਾ ਹੋਣ ਵਾਲ਼ੇ ਵਿਆਹ ਸਬੰਧਾਂ ਨੂੰ ਭੰਗ ਕਰਨ ਲਈ ਤਲਾਕ ਨੂੰ ਇੱਕ ਅਧਿਕਾਰ ਮੰਨਦੇ ਹੋਏ ਸੋਵੀਅਤ ਕਨੂੰਨ ਸਾਜ਼ਾਂ ਨੇ ਇਸ ਤਰਕ ਨੂੰ ਸਿਖਰ ਤੱਕ ਪਹੁੰਚਾ ਦਿੱਤਾ। -ਰਹਿਤ ਵਿਆਹਾਂ ਨੂੰ ਰੋਕਣ-ਭਾਵ ਅਨੈਤਿਕ ਵਿਆਹਾਂ ਨੂੰ ਰੋਕਣ-ਦਾ ਉਪਾਅ ਬਣਾਇਆ ਗਿਆ। ਤਲਾਕ ਨੇ ਇਹਨਾਂ ਨੂੰ ਖਤਮ ਕਰਨ ਦਾ ਕੰਮ ਕੀਤਾ। ਬੇਰੋਕ ਤਲਾਕ ਨੇ ਪ੍ਰੇਮ ਅਧਾਰਿਤ ਵਿਆਹ ਸਬੰਧਾਂ ਨੂੰ ਵਧਾਇਆ 'ਤੇ ਸ਼ਾਦੀ-ਸ਼ੁਦਾ ਜੀਵਨ ਵਿੱਚ ਹੀ ਆਪਣੇ ਨਿਖਾਰ ਉੱਪਰ ਪਹੁੰਚ ਸਕਦਾ ਹੈ-ਤਦ ਹੋਰ ਵੀ ਜਦੋਂ ਘਰ ਬੱਚਿਆਂ ਨਾਲ਼ ਗੁਲਜ਼ਾਰ ਹੋਵੇ ।

ਇਸਤਰੀ-ਪੁਰਸ਼ ਸਬੰਧਾਂ ਸਮੇਤ ਅੱਜ ਸਾਰੇ ਮਨੁੱਖੀ ਸਬੰਧਾਂ ਦੇ ਆਪਸੀ ਪ੍ਰੇਮ, ਸਤਿਕਾਰ, ਭਰੋਸੇ 'ਤੇ ਅਧਾਰਿਤ ਹੋਣ ਦੇ ਰਾਹ ਵਿੱਚ ਸਭ ਤੋਂ ਵੱਡੀ ਰੁਕਾਵਟ ਨਿੱਜੀ ਸੰਪੱਤੀ ਅਧਾਰਿਤ, ਮੁਨਾਫ਼ੇ ਦੀ ਹਵਸ ਦੇ ਇਰਦ ਗਿਰਦ ਘੁੰਮਦਾ ਇਹ ਪੂੰਜੀਵਾਦੀ ਢਾਂਚਾ ਹੈ। ਇਸ ਢਾਂਚੇ ਨੇ ਇਨਸਾਨ ਤੋਂ ਇਨਸਾਨੀਅਤ ਖੋਹਕੇ ਉਸ ਨੂੰ ਪਸ਼ੂਪੁਣੇ ਦੀ ਪੱਧਰ 'ਤੇ ਡੇਗ ਦਿੱਤਾ ਹੈ।



ਦਵਿੰਦਰ ਕੌਰ ਖੁਸ਼ ਧਾਲੀਵਾਲ, ਖੋਜਕਰਤਾ, ਧੂਰਕੋਟ ਮੋਗਾ, ਮੋਹਾਲੀ 8847227740












